ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

33

April - June 2019

ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ

# ਸੈਣੀ ਸੰਸਾਰ
# Saini Sansar

जलियाँवाला बाग
ਜਲਿਆਂਵਾਲਾ ਬਾਗ



## ਅੰਦਰ ਪੜ੍ਹੋ


- ਸੈਣੀ ਸ਼ਖ਼ਸ਼ੀਅਤਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਅਦੁੱਤੀ ਸਮਾਜਸੇਵੀ ਅਬਦੁਲ ਸਿਤਾਰ ਈਦੀ
- ਰੌਚਿਕ ਸਾਹਿਤਕ ਰਚਨਾਵਾਂ
- ਸਿਹਤਮੰਦ ਜੀਵਨ ਜਾਚ
- ਗੁਰੂ ਨਾਨਕ ਦੇਵ ਜੀ ਪ੍ਰਯਾਗ 'ਚ
- ਗਿਆਨ, ਵਿਗਿਆਨ
- ਮੈਟਰੀਮੋਨੀਅਲਜ਼


PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - IX, Issue - II

# Saini Sansar

(Quarterly)

April - June 2019

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**

**Late Sh. L.R. Mundra**
Asstt. Police Commissioner (Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

India : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

Australia : **S. Malkiat Singn Saini,**
#4, Arnika Court, Jereme Grove, Glenwoood, Sydney-Australia

U.S.A. : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

U.K. : **Sh. Tarsem Singh Saini**
# 14, Forest Road, Cambridge-CB1 9JB (U.K.)

Canada : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 83562779**
**E-mail : sainibhawanrpr@gmail.com**
**Website : www.sainibhawan.org**

**Date of Publication : 06.04.2019**

# ਸੈਣੀ ਸੰਸਾਰ
(ਤਿਮਾਹੀ)

ਜਿਲਦ 9, ਅੰਕ 2 ਅਪ੍ਰੈਲ - ਜੂਨ 2019

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਜਲਿਆਂਵਾਲਾ ਬਾਗ ਵਿੱਚ ਸ਼ਹੀਦਾਂ ਦੀ ਅਮਰ ਜੋਤ।

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ ਅਤੇ ਦਾਨੀ ਸੱਜਣ | 3-4 |
| ਤਿਮਾਹੀ ਦੌਰਾਨ ਸੈਣੀ ਭਵਨ ਦੀਆਂ ਸਰਗਰਮੀਆਂ | 5-7 |
| ਗੁਰੂ ਨਾਨਕ ਦੇਵ ਜੀ ਪ੍ਰਯਾਗ 'ਚ | 8 |
| ਕਹਾਣੀਕਾਰ ਚਰਨਜੀਤ ਸਿੰਘ ਕਤਰਾ | 9 |
| ਅਦੁੱਤੀ ਸਮਾਜਸੇਵੀ - ਅਬਦੁਲ ਸਿਤਾਰ ਈਦੀ | 10-11 |
| ਸੈਣੀ ਬਰਾਦਰੀ ਦੇ ਸਰਪੰਚ | 12 |
| ਲੇਖ - ਧੀਆਂ ਨੂੰ ਮੌਕੇ ਤਾਂ ਦਿਓ | 13 |
| ਜ਼ਿੰਦਗੀ ਦੀ ਸ਼ਾਮ ਬਨਾਮ ਰਿਸ਼ਤਿਆਂ ਦੀ ਕੁੜੱਤਣ | 14 |
| ਆਜ਼ਾਦੀ ਸੰਗ੍ਰਾਮੀ ਕਵੀ - ਕਰਤਾਰ ਸਿੰਘ ਚਰਖਾ | 15 |
| ਅਸਟ੍ਰੇਲੀਆ ਵਿੱਚ ਮਾਂ ਬੋਲੀ ਦੇ ਸਪੂਤ | 16 |
| New Members of Saini Sansar | 17 |
| ਮਹਾਨ ਚਿੱਤਰਕਾਰ - ਵਿਨਸੈਂਟ ਵਿਲੀਅਮ ਵਾਨ ਗਾਗ | 18 |
| ਪਿਸਤਾ ਬਾਦਸ਼ਾਹ - ਮੁੰਗੇਰ ਪਰਿਵਾਰ | 19 |
| ਸੈਣੀ ਸਮਾਚਾਰ | 20 |
| ਸੈਣੀ ਭਵਨ ਦੀ ਸਾਲ 2018-19 ਦੀ ਕਾਰਗੁਜ਼ਾਰੀ | 21 |
| ਅੰਬਰੀਂ ਉਡਾਣ ਅਤੇ ਕਵਿਤਾ | 22-23 |
| ਨਾਮਵਰ ਸੈਣੀ ਸਖ਼ਸ਼ੀਅਤ ਸ. ਰਾਜਿੰਦਰ ਸਿੰਘ | 24 |
| ਅਣਥੱਕ ਯੋਧਾ - ਮਨਪ੍ਰੀਤ ਸਿੰਘ | 25 |
| ਸੱਚ ਨੂੰ ਕਿਵੇਂ ਜਾਣਿਆ ਜਾਵੇ | 26 |
| ਕਹਾਣੀ - ਮੋੜਾ | 27-28 |
| Jallianwala Bagh Massacre | 29 |
| Anemia & Its Effects on Human Body | 30-32 |
| ਆਓ ਆਪਣੇ ਗਿਆਨ ਦੀ ਪਰਖ ਕਰੀਏ | 33 |
| ਤੈਰਨ ਲਈ ਕਿਨਾਰੇ ਛੱਡਣੇ ਲਾਜ਼ਮੀ | 34 |
| ਖੁੱਲ੍ਹ ਕੇ ਹਸਣਾ ਜ਼ਰੂਰ ਚਾਹੀਦਾ | 35-36 |
| Board of Trustees of Saini Bhawan | 36-37 |
| Matrimonials | 38-43 |
| ਰੂਪਨਗਰ ਰੇਲਵੇ ਸਟੇਸ਼ਨ 'ਤੇ ਗੱਡੀਆਂ ਦੀ ਸਮਾਂ ਸਾਰਣੀ | 44 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਲੋਕ ਸਭਾ ਚੋਣਾ ਅਤੇ ਦੇਸ਼ਭਗਤੀ

ਅਜਮੇਰ ਸਿੰਘ (ਡਾ.)
ਰੂਪਨਗਰ

ਲੋਕ ਸਭਾ ਚੋਣਾ ਸਿਰ 'ਤੇ ਹਨ। ਇਹ ਇੱਕ ਸੁਭਾਗਾ ਅਤੇ ਅਹਿਮ ਮੌਕਾ ਹੈ ਜਦੋਂ ਲੋਕਾਂ ਨੇ ਆਪਣੇ ਮਨਪਸੰਦ ਦੇ ਨੁਮਾਇੰਦਿਆਂ ਦੀ ਚੋਣ ਕਰਨੀ ਹੈ, ਜਿਨ੍ਹਾਂ ਨੇ ਦੇਸ਼ ਦੀ ਕਿਸਮਤ ਘੜਨੀ ਹੈ। ਇਨ੍ਹਾਂ ਨੇ ਅਜਿਹੀ ਅਤਿ-ਸ਼ਕਤੀਸ਼ਾਲੀ ਸੰਸਥਾ ਦੇ ਮੈਂਬਰ ਬਣਨਾ ਹੈ ਜਿਸ ਦੇ ਸਿਰ ਭਾਰਤ ਨੂੰ ਵਿਸ਼ਵ ਵਿੱਚ ਸਨਮਾਨਪੂਰਬਕ ਸਥਾਨ ਦਿਵਾਉਣ ਦੀ ਜ਼ਿੰਮੇਵਾਰੀ ਹੈ। ਭਾਰਤ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਕਾਰਨ ਸਾਰੀ ਦੁਨੀਆਂ ਦੀਆਂ ਨਜ਼ਰਾਂ ਇਨ੍ਹਾਂ ਚੋਣਾ ਵੱਲ ਹਨ। ਇਸ ਲਈ ਸਾਨੂੰ ਸਭ ਨੂੰ ਬਹੁਤ ਸੁਚੇਤ ਹੋ ਕੇ ਵੋਟ ਪਾਉਣ ਦੀ ਜ਼ਰੂਰਤ ਹੈ।

ਲੋਕਤੰਤਰ, ਜਿੱਥੇ ਉੱਤਮ ਰਾਜ ਪ੍ਰਬੰਧ ਹੈ ਉੱਥੇ ਇਸ ਦੀਆਂ ਕੁੱਝ ਮਜ਼ਬੂਰੀਆਂ ਅਤੇ ਘਾਟਾਂ ਵੀ ਹਨ। ਇਸ ਵਿੱਚ ਲੋਕ-ਨੁਮਾਇੰਦਿਆਂ ਦੀ ਚੋਣ ਸਮੇਂ ਵੋਟਾਂ ਤੋਲੀਆਂ ਨਹੀਂ, ਗਿਣੀਆਂ ਜਾਂਦੀਆਂ ਹਨ। ਭਾਵ ਇਹ ਕਿ ਹਰ ਵੋਟਰ ਦੀ ਬਰਾਬਰ ਦੀ ਅਹਿਮੀਅਤ ਹੈ, ਉਹ ਸੂਝਵਾਨ ਹੋਵੇ ਜਾਂ ਅਨਾੜੀ, ਇਮਾਨਦਾਰ ਹੋਵੇ ਜਾਂ ਬੇਈਮਾਨ, ਪੜ੍ਹਿਆ ਹੋਵੇ ਜਾਂ ਅਨਪੜ੍ਹ। ਇਸ ਲਈ ਲੋਕਤੰਤਰ ਦੀ ਕਾਮਯਾਬੀ ਲਈ ਦੇਸ਼ ਦੇ ਨਾਗਰਿਕਾਂ ਦਾ ਸੁਚੇਤ ਹੋਣਾ ਅਤਿ ਆਵਸ਼ਕ ਹੈ। ਭਾਰਤੀ ਚੋਣ ਪ੍ਰਣਾਲੀ ਵਿੱਚ ਇਹ ਵੀ ਨੁਕਸ ਹੈ ਕਿ ਚੁਣੇ ਗਏ ਲੋਕ-ਨੁਮਾਇੰਦੇ ਨੂੰ ਉਸ ਦੀ ਮਾੜੀ ਕਾਰਗੁਜ਼ਾਰੀ ਦੇ ਆਧਾਰ 'ਤੇ ਵਾਪਿਸ ਬੁਲਾਉਣ ਦਾ ਅਧਿਕਾਰ ਲੋਕਾਂ ਪਾਸ ਨਹੀਂ ਹੈ। ਇਸ ਪ੍ਰਕਾਰ ਇੱਕ ਵਾਰ ਕੀਤੀ ਗਲਤੀ ਦਾ ਖਮਿਆਜ਼ਾ ਪੂਰੇ ਪੰਜ ਸਾਲ ਤੱਕ ਭੁਗਤਣਾ ਪੈਂਦਾ ਹੈ। ਇਹ ਹੀ ਕਾਰਨ ਹੈ ਕਿ ਉਮੀਦਵਾਰ ਚੋਣ ਤੋਂ ਪਹਿਲਾਂ ਵੋਟਰਾਂ ਨਾਲ ਵੱਡੇ ਵੱਡੇ ਵਾਇਦੇ ਕਰਦੇ ਹਨ ਅਤੇ ਕੁਰਸੀ 'ਤੇ ਬੈਠਦਿਆਂ ਹੀ ਸਾਰੇ ਭੁੱਲ ਜਾਂਦੇ ਹਨ। ਰਾਜਨੀਤਿਕ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਅਜਿਹੇ ਲੋਕਲੁਭਾਊ ਅਤੇ ਗੈਰਜ਼ਿੰਮੇਵਾਰਾਨਾ ਵਾਅਦੇ ਕਰਦੀਆਂ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੁੰਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੁੰਦਾ ਹੈ ਕਿ ਉਹ ਇਨ੍ਹਾਂ ਨੂੰ ਪੂਰੇ ਕਰਨ ਲਈ ਕਾਨੂੰਨੀ ਤੌਰ 'ਤੇ ਪਾਬੰਦ ਨਹੀਂ ਹਨ। ਪਰ ਲੋਕ ਇਨ੍ਹਾਂ ਦੇ ਭਰਮ ਜਾਲ ਵਿੱਚ ਫਸ ਕੇ ਗੁੰਮਰਾਹ ਹੋ ਜਾਂਦੇ ਹਨ।

ਪਿਛਲੇ ਦੋ ਕੁ ਦਹਾਕਿਆਂ ਤੋਂ, ਭਾਰਤੀ ਚੋਣ ਪ੍ਰਣਾਲੀ ਦੀਆਂ ਚੋਰ-ਮੋਰੀਆਂ ਰਾਹੀਂ ਜਰਾਇਮ-ਪੇਸ਼ਾ, ਨਿਰੋਲ ਕਾਰੋਬਾਰੀ ਅਤੇ ਸ਼ਾਤਰ ਵਿਅਕਤੀ ਲੋਕ ਸਭਾ ਵਿਚ ਪੁੱਜਣ ਵਿੱਚ ਕਾਮਯਾਬ ਹੋ ਰਹੇ ਹਨ। ਇਹ ਲੋਕ ਆਪਣੇ ਬਾਹੂਬਲ ਅਤੇ ਪੈਸੇ ਦੀ ਖੁੱਲ੍ਹ ਕੇ ਵਰਤੋਂ ਕਰਦੇ ਹਨ। ਇਨ੍ਹਾਂ ਦਾ ਉਦੇਸ਼ ਰਾਜਨੀਤਿਕ ਸ਼ਕਤੀ ਨਾਲ ਆਪਣੇ ਕਾਰੋਬਾਰ ਨੂੰ ਵਧਾਉਣਾ ਅਤੇ ਪੈਸੇ ਕਮਾਉਣਾ ਹੁੰਦਾ ਹੈ। ਦੇਸ਼ ਦਾ ਵਿਕਾਸ ਅਤੇ ਲੋਕ ਸੇਵਾ ਇਨ੍ਹਾਂ ਦੇ ਏਜੰਡੇ 'ਤੇ ਨਹੀਂ ਹੁੰਦੇ। ਇਹ ਹੀ ਕਾਰਨ ਹੈ ਕਿ ਲੋਕ ਸਭਾ ਵਿੱਚ ਹੁੰਦੀਆਂ ਬਹਿਸਾਂ ਦਾ ਪੱਧਰ ਬਹੁਤ ਨੀਵਾਂ ਹੋ ਗਿਆ ਹੈ। ਇਨ੍ਹਾਂ ਵਿੱਚ ਲੋਕਾਂ ਦੀਆਂ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਦੇ ਮਸਲੇ ਉਠਾਉਣ ਦੀ ਬਿਜਾਏ ਨਿਜੀ ਦੁਸ਼ਣਬਾਜ਼ੀ ਅਤੇ ਸਵਾਰਥ ਭਾਰੂ ਰਹਿਣ ਲੱਗਾ ਹੈ। ਅਨੁਸ਼ਾਸਨਹੀਨਤਾ ਇਸ ਕਦਰ ਹੈ ਕਿ ਕਈ ਵੇਰ ਤਾਂ ਬਹਿਸ ਦੌਰਾਨ ਨੌਬਤ ਹੱਥੋਪਾਈ ਤੱਕ ਪਹੁੰਚ ਜਾਂਦੀ ਹੈ। ਇਸ ਨਾਲ ਦੇਸ਼ ਦੀ ਸਰਵਉੱਚ ਅਤੇ ਪਵਿੱਤਰ ਪਾਰਲੀਮੈਂਟ, ਸੁਲਝੇ ਹੋਏ ਜ਼ਿੰਮੇਵਾਰ ਵਿਅਕਤੀਆਂ ਦੀ ਸੰਸਥਾ ਦੀ ਬਿਜਾਏ ਮੱਛੀ-ਮੰਡੀ ਬਣ ਜਾਂਦੀ ਹੈ।

ਹੁਣ ਕੁੱਝ ਸਾਲਾਂ ਤੋਂ ਰਾਜ ਕਰਦੀ ਪਾਰਟੀ ਨੇ ਦੇਸ਼ਭਗਤੀ ਦੀ ਨਵੀਂ ਹੀ ਪ੍ਰਭਾਸ਼ਾ ਘੜ ਲਈ ਹੈ। ਇਸ ਅਨੁਸਾਰ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਵਾਲਾ ਹਰ ਵਿਅਕਤੀ ਦੇਸ਼ਧ੍ਰੋਹੀ ਗਰਦਾਨਿਆਂ ਜਾਣ ਲੱਗਾ ਹੈ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਸਰਕਾਰ ਨੂੰ ਉਸ ਦੀਆਂ ਲੋਕ-ਵਿਰੋਧੀ ਕਾਰਵਾਈਆਂ ਤੋਂ ਜਾਣੂ ਕਰਵਾਉਣਾ ਅਤੇ ਸੁਚੇਤ ਕਰਨਾ ਹੈ ਪਰ ਇਸ ਦੇ ਮੈਂਬਰਾਂ ਦੀ ਗੱਲ ਸੁਣ ਕੇ ਕੋਈ ਸੋਧ ਕਰਨ ਦੀ ਬਿਜਾਏ ਨੁਕਤਾਚੀਨੀ ਨੂੰ ਦੇਸ਼ਧ੍ਰੋਹੀ ਹਰਕਤ ਕਰਾਰ ਦਿੱਤਾ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਸੈਸ਼ਨਾਂ ਦੌਰਾਨ ਆਮ ਤੌਰ 'ਤੇ ਵਿਰੋਧੀ ਪਾਰਟੀ ਦੇ ਐਮ.ਪੀ. ਸੰਸਦ ਦਾ ਬਾਈਕਾਟ ਕਰ ਕੇ ਬਾਹਰ ਜਾਂਦੇ ਹੀ ਦਿਖਾਈ ਦਿੰਦੇ ਹਨ। ਲੋਕਸਭਾ ਮੈਂਬਰਾਂ ਦੀ ਇਸ ਗੈਰਜ਼ਿੰਮੇਵਾਰਾਨਾ ਕਾਰਵਾਈ ਕਾਰਨ ਇਨ੍ਹਾਂ ਦੀਆਂ ਤਨਖਾਹਾਂ, ਭੱਤਿਆਂ ਅਤੇ ਹੋਰ ਸਹੂਲਤਾਂ 'ਤੇ ਲੋਕਾਂ ਦਾ ਖਰਚਿਆ ਜਾਂਦਾ ਅਥਾਹ ਧਨ ਫਜ਼ੂਲ ਜਾਂਦਾ ਹੈ। ਨਵੇਂ ਵਿਚਾਰ ਪੇਸ਼ ਕਰਨ ਵਾਲੇ ਬੁੱਧੀਜੀਵੀਆਂ ਲਈ ਵੀ ਇੱਕ ਨਵਾਂ ਸ਼ਬਦ 'ਸ਼ਹਿਰੀ ਨਕਸਲਬਾੜੀ' ਈਜ਼ਾਦ ਕੀਤਾ ਗਿਆ ਹੈ। ਸੱਤਾਧਾਰੀ ਨੇਤਾਵਾਂ ਦਾ ਅਸਹਿਨਸ਼ੀਲਤਾ ਵਾਲਾ ਇਹ ਵਤੀਰਾ ਲੋਕਤੰਤਰ ਲਈ ਖਤਰੇ ਦੀ ਘੰਟੀ ਹੈ।

ਭਾਰਤ ਇਸ ਸਮੇਂ ਅਨੇਕ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਜਿਨ੍ਹਾਂ ਨੂੰ ਸੰਸਦ ਮੈਂਬਰਾਂ ਨੇ ਆਪਣੀ ਸੂਝਬੂਝ ਨਾਲ ਸੁਲਝਾਉਣਾ ਹੈ। ਦੇਸ਼ ਵਿੱਚ ਬੇਰੁਜ਼ਗਾਰੀ ਨੇ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ ਜਿਸ ਕਾਰਨ ਲੱਖਾਂ ਪੜ੍ਹੇ ਲਿਖੇ ਨੌਜਵਾਨਾਂ ਨੇ ਆਪਣੇ ਦੇਸ਼ ਨੂੰ ਅਲਵਿਦਾ ਕਹਿ ਕੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਲਈਆਂ ਹਨ। ਇਸ ਨਾਲ ਜੋ ਬੌਧਿਕ ਨਿਕਾਸ ਹੋ ਰਿਹਾ ਹੈ ਇਸ ਦੇ ਬੁਰੇ ਨਤੀਜੇ ਦੇਸ਼ ਨੂੰ ਭੁਗਤਣੇ ਪੈਣਗੇ। ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅਮੀਰ-ਗਰੀਬ ਦਾ ਪਾੜਾ ਦਿਨੋਦਿਨ ਵਧ ਰਿਹਾ ਹੈ। ਇੱਕ ਪਾਸੇ ਦੇਸ਼ ਦੀ ਕਿਸਾਨੀ ਗੰਭੀਰ ਵਿਤੀ ਸੰਕਟ ਦਾ ਸ਼ਿਕਾਰ ਹੈ ਜਿਸ ਕਾਰਨ ਪਿਛਲੇ ਦੋ ਦਹਾਕਿਆਂ ਦੌਰਾਨ ਕਰਜ਼ੇ ਵਿਚ ਫਸੇ ਸਾਢੇ ਤਿੰਨ ਲੱਖ ਤੋਂ ਵੱਧ ਕਿਸਾਨਾਂ ਨੇ ਖੁਦਕੁਸ਼ੀ ਕਰ ਲਈ ਹੈ ਅਤੇ ਇਸ ਦੀ 10% ਆਬਾਦੀ

2004 ਤੋਂ ਕਰਜ਼ੇ ਦੇ ਭਾਰ ਹੇਠ ਦੱਬੀ ਪਈ ਹੈ ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਦੂਜੇ ਪਾਸੇ ਵਿਸ਼ਵ ਦੀ ਗੈਰਮੁਨਾਫਾਕਾਰੀ ਸੰਸਥਾ, ਔਕਸਫੈਮ ਦੇ ਅੰਕੜਿਆਂ ਅਨੁਸਾਰ ਭਾਰਤ ਦੇ ਸਭ ਤੋਂ ਅਮੀਰ 9 ਅਰਬਪਤੀਆਂ ਪਾਸ ਮੁਲਕ ਦੀ ਥੱਲੇ ਵਾਲੀ ਅੱਧੀ ਆਬਾਦੀ ਜਿੰਨੀ ਦੌਲਤ ਹੈ ਅਤੇ ਇਸ ਵਿੱਚ ਹਰ ਸਾਲ 2200 ਕਰੋੜ ਰੁਪਏ ਦਾ ਵਾਧਾ ਹੋ ਰਿਹਾ ਹੈ। ਇਨ੍ਹਾਂ ਅਰਬਪਤੀਆਂ ਦੀ ਗਿਣਤੀ 2017-18 ਦੇ ਇੱਕ ਸਾਲ ਵਿੱਚ ਹੀ 101 ਤੋਂ ਵਧ ਕੇ 119 ਹੋ ਗਈ ਹੈ। ਇਸ ਪ੍ਰਕਾਰ ਭਾਰਤ ਦੇ ਅਮੀਰ, 1% ਲੋਕਾਂ ਦੀ ਦੌਲਤ ਵਿੱਚ 39% ਅਤੇ ਹੇਠਲੇ 50% ਲੋਕਾਂ ਦੀ ਆਮਦਨ ਵਿੱਚ ਕੇਵਲ 3% ਵਾਧਾ ਹੋਇਆ ਹੈ। ਲੋਕਾਂ ਦੀ ਸਮਾਜਿਕ ਸਥਿਤੀ ਵੀ ਨਿਘਾਰ ਵੱਲ ਜਾ ਰਹੀ ਹੈ। ਯੂ.ਐਨ.ਓ. ਵਲੋਂ ਜਾਰੀ ਰਿਪੋਰਟ ਅਨੁਸਾਰ ਵਿਸ਼ਵ ਦੇ 156 'ਖੁਸ਼ ਦੇਸ਼ਾਂ' ਦੀ ਸੂਚੀ ਵਿੱਚ ਭਾਰਤ 133ਵੇਂ ਸਥਾਨ ਤੋਂ ਡਿਗ ਕੇ 140ਵੇਂ 'ਤੇ ਆ ਗਿਆ ਹੈ। ਇਹ ਦਰਜਾਬੰਦੀ ਦੇਸ਼ ਦੀ ਜੀ.ਡੀ.ਪੀ, ਲੋਕਾਂ ਦੀ ਭਲਾਈ, ਸਿਹਤ, ਆਜ਼ਾਦੀ, ਉਦਾਰਦਿਲੀ ਅਤੇ ਭ੍ਰਿਸ਼ਟਾਚਾਰ ਦੇ ਪੱਧਰ 'ਤੇ ਆਧਾਰਿਤ ਹੁੰਦੀ ਹੈ। ਇਸ ਤੋਂ ਇਲਾਵਾ ਵੱਧ ਪ੍ਰਦੂਸ਼ਤ ਦੇਸ਼ਾਂ ਵਿੱਚ ਵੀ ਭਾਰਤ ਵਿਸ਼ਵ ਵਿੱਚ 8ਵੇਂ ਸਥਾਨ 'ਤੇ ਹੈ। ਇਸ ਸਭ ਤੋਂ ਸਪਸ਼ਟ ਹੈ ਕਿ ਭਾਰਤ ਕੁਦਰਤੀ ਸੋਮਿਆਂ ਨਾਲ ਮਾਲੋਮਾਲ ਹੋਣ ਦੇ ਬਾਵਜੂਦ ਹਰ ਪੱਖ ਤੋਂ ਪਿਛੜਿਆ ਹੋਇਆ ਹੈ। ਇਸ ਦਾ ਪ੍ਰਤੱਖ ਕਾਰਨ ਦੇਸ਼ ਦਾ ਮਾੜਾ ਰਾਜਪ੍ਰਬੰਧ ਹੈ।

ਇਸ ਲਈ ਸਾਡੀ ਸਭ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਲੋਕਸਭਾ ਲਈ ਰਾਜਨੀਤੀ 'ਚ ਹੰਢੇ ਹੋਏ, ਸਮਾਜਸੇਵਾ ਨੂੰ ਸਮਰਪਿਤ, ਇਮਾਨਦਾਰ, ਦੇਸ਼ ਸੇਵਾ ਲਈ ਪ੍ਰਤਿਬੱਧ, ਬੁੱਧੀਜੀਵੀ ਅਤੇ ਵਿਸ਼ਵਾਸਯੋਗ ਮੈਂਬਰ ਚੁਣੇ ਜਾਣ। ਇਸ ਉਦੇਸ਼ ਦੀ ਪੂਰਤੀ ਲਈ ਜ਼ਰੂਰੀ ਹੈ ਕਿ ਰਾਜਨੀਤਿਕ ਨੇਤਾਵਾਂ ਦੀਆਂ ਜੁਮਲੇਬਾਜ਼ੀਆਂ, ਹਵਾਈ ਕਿਲਿਆਂ, ਸ਼ੋਸ਼ੇਬਾਜ਼ੀਆਂ, ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਵਾਲੇ ਨਾਹਰਿਆਂ ਅਤੇ ਅੰਧ-ਰਾਸ਼ਟਰਵਾਦ ਦੇ ਪ੍ਰਚਾਰ ਦੇ ਖੋਖਲੇਪਣ ਨੂੰ ਸੋਚ-ਵਿਚਾਰ ਕੇ ਵੋਟ ਪਾਈ ਜਾਵੇ। ਇਸ ਦੇ ਨਾਲ ਹੀ ਵੋਟਰ ਨੂੰ ਆਪਣੀ ਵੋਟ ਦੀ ਅਹਿਮੀਅਤ ਨੂੰ ਸਮਝ ਕੇ ਕਿਸੇ ਉਮੀਦਵਾਰ ਵਲੋਂ ਦਿੱਤੇ ਜਾਂਦੇ ਪੈਸੇ ਤੇ ਨਸ਼ਿਆਂ ਦੇ ਲਾਲਚ ਅਤੇ ਧੱਕੇਸ਼ਾਹੀ ਦੀ ਸਖਤੀ ਨਾਲ ਵਿਰੋਧਤਾ ਕਰਨੀ ਚਾਹੀਦੀ ਹੈ। ਭਾਵੇਂ ਦੇਸ਼ ਦੇ ਹੋਰ ਸੂਬਿਆਂ ਵਾਂਗ ਪੰਜਾਬ ਦੀਆਂ ਆਪਣੀਆਂ ਵਿਸ਼ੇਸ਼ ਸਮੱਸਿਆਵਾਂ ਜਿਵੇਂ ਬੇਰੁਜ਼ਗਾਰੀ ਕਾਰਨ ਨੌਜਵਾਨਾਂ ਦਾ ਵਿਦੇਸ਼ਾਂ ਨੂੰ ਪਲਾਇਣ, ਕਿਸਾਨਾਂ ਦੀਆਂ ਖੁਦਕੁਸ਼ੀਆਂ, ਨਸ਼ਿਆਂ ਦੀ ਬਹੁਤਾਤ ਅਤੇ ਸਿਹਤ ਤੇ ਸਿੱਖਿਆ ਦਾ ਨਿਜੀ ਹੱਥਾਂ ਵਿੱਚ ਜਾਣ ਨਾਲ ਹੋਇਆ ਵਪਾਰੀਕਰਨ ਆਦਿ ਹਨ ਪਰ ਲੋਕ ਸਭਾ ਚੋਣਾਂ ਵਿੱਚ ਦੇਸ਼ ਦੀਆਂ ਸਮੱਸਿਆਵਾਂ ਨੂੰ ਪਹਿਲ ਦੇਣੀ ਬਣਦੀ ਹੈ ਤਾਂ ਜੋ ਵਿਸ਼ਵ ਵਿੱਚ ਭਾਰਤ ਦਾ ਸਨਮਾਨਯੋਗ ਸਥਾਨ ਬਣ ਸਕੇ। ਇਹ ਹੀ ਅਸਲ ਦੇਸ਼ਭਗਤੀ ਹੈ।

## ਨਵੇਂ ਦਾਨੀ ਸੱਜਣ

1. **ਸ਼੍ਰੀਮਤੀ ਦਵਿੰਦਰ ਕੌਰ** ਪਤਨੀ ਸਵ. ਸਵਰਨ ਸਿੰਘ ਕਲੋਟੀ, ਗੁਰੂ ਨਾਨਕ ਐਵੀਨਿਯੂ, ਹੁਸ਼ਿਆਰਪੁਰ, 26000 ਰੁ:, ਸਵ:ਪਤੀ ਦੇ ਯਾਦਗਾਰੀ ਵਜ਼ੀਫੇ ਲਈ।
2. **ਸ. ਲਖਵਿੰਦਰ ਸਿੰਘ** ਸ. ਪੁੱਤਰ ਸ. ਗਿਆਨ ਸਿੰਘ, ਸਰਪੰਚ ਪਿੰਡ ਬੇਲਾ, ਜ਼ਿਲ੍ਹਾ-ਰੂਪਨਗਰ, 11000 ਰੁ: ਮੁੱਖ ਮਹਿਮਾਨ ਵਜੋਂ ਵਿਕਾਸ ਕਾਰਜਾਂ ਲਈ।
3. **ਸ. ਗੁਰਮੀਤ ਸਿੰਘ** ਪੁੱਤਰ ਸ. ਬਿੱਕਰ ਸਿੰਘ, # ਸਿੱਖ ਲੇਨਜ਼, ਹੁਸ਼ਿਆਰਪੁਰ, 5000 ਰੁ:, ਆਜੀਵਨ ਮੈਂਬਰਸ਼ਿਪ
4. **ਸ਼੍ਰੀਮਤੀ ਜਸਵੀਰ ਕੌਰ** ਪਤਨੀ ਸਵ.ਰਾਜਿੰਦਰ ਸਿੰਘ ਸੈਣੀ, # 2693 ਏ ਸੈਕ.70 ਮੁਹਾਲੀ, 5000 ਰੁ:, ਸਵਰਗੀ ਪਤੀ ਦੀ ਯਾਦ ਵਿੱਚ।
5. **ਸ਼੍ਰੀ ਨਰਿੰਦਰ ਸੈਣੀ,** ਬਲਾਕ ਸੰਮਤੀ ਮੈਂਬਰ, ਪਿੰਡ ਅਹਿਮਦਪੁਰ,ਜ਼ਿਲ੍ਹਾ ਰੂਪਨਗਰ, 2500ਰੁ:,ਆਜੀਵਨ ਮੈਂਬਰਸ਼ਿਪ।
6. **ਸ.ਅਵਤਾਰ ਸਿੰਘ ਲੌਂਗੀਆ** ਪੁੱਤਰ ਸਵ.ਹਜ਼ਾਰਾ ਸਿੰਘ, ਗਿ.ਜੈ.ਸਿੰਘ ਨਗਰ, ਰੂਪਨਗਰ, 2500 ਰੁ: ਸਵਰਗੀ ਮਾਤਾ ਕਰਮ ਕੌਰ ਜੀ ਦੀ ਯਾਦ ਵਿੱਚ।
7. **ਸ. ਜਗਬੀਰ ਸਿੰਘ** ਪੁੱਤਰ ਸ. ਬਲਵਿੰਦਰ ਸਿੰਘ, ਮਾਲਕ ਜੇ.ਆਰ.ਹੋਟਲ ਬੇਲਾ, ਜ਼ਿਲ੍ਹਾ-ਰੂਪਨਗਰ, 2500 ਰੁ:, ਆਜੀਵਨ ਮੈਂਬਰਸ਼ਿਪ।
8. **ਸ਼੍ਰੀ ਅਜੈ ਕੁਮਾਰ,** ਸਰਪੰਚ ਪਿੰਡ ਚੌਤਾ, ਜ਼ਿਲ੍ਹਾ-ਰੂਪਨਗਰ, 1100 ਰੁ:, ਮੈਗਜ਼ੀਨ ਮੈਂਬਰਸ਼ਿਪ।
9. **ਸ. ਦਰਸ਼ਨ ਸਿੰਘ,** ਸਰਪੰਚ, ਪਿੰਡ ਛੱਜਾ, ਜ਼ਿਲ੍ਹਾ-ਰੁਪਨਗਰ, 1100 ਰੁ:, ਮੈਗਜ਼ੀਨ ਮੈਂਬਰਸ਼ਿਪ।
10. **ਸ. ਅਮਨਦੀਪ ਸਿੰਘ**, ਸਰਪੰਚ, ਪਿੰਡ ਨੰਗਲ (ਅਬਿਆਣਾ), ਜ਼ਿਲ੍ਹਾ- ਰੂਪਨਗਰ, 1100 ਰੁ:, ਮੈਗਜ਼ੀਨ ਮੈਂਬਰਸ਼ਿਪ।
11. **ਸ. ਰਣਜੀਤ ਸਿੰਘ,** ਸਰਪੰਚ, ਪਿੰਡ ਪੜ੍ਹੀ, ਜ਼ਿਲ੍ਹਾ-ਰੂਪਨਗਰ, 1100 ਰੁ:, ਮੈਗਜ਼ੀਨ ਮੈਂਬਰਸ਼ਿਪ।
12. **ਸ਼੍ਰੀਮਤੀ ਕੌਸ਼ੱਲਿਆ ਦੇਵੀ,** ਰੂਪਨਗਰ, 1000/, ਸਿਖਿਆਰਥਣਾ ਦੀ ਸਹਾਇਤਾ ਲਈ।

ਇਨ੍ਹਾਂ ਦਾਨੀ ਪੁਰਸ਼ਾਂ ਦਾ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ **ਬਹੁਤ ਬਹੁਤ ਧੰਨਵਾਦ।**

**ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦੇ ਮੈਂਬਰ ਬਣੋ**
**ਚੰਦਾ : 100 ਰੁ: ਸਲਾਨਾ।**

**ਸੈਣੀ ਭਵਨ ਦੇ ਆਜੀਵਨ ਮੈਂਬਰ ਬਣੋ :**
**ਮੈਂਬਰਸ਼ਿਪ ਫੀਸ : 2500 ਰੁ: (ਸਮੇਤ ਮੈਗਜ਼ੀਨ)**

ਤਿਮਾਹੀ ਜਨਵਰੀ - ਮਾਰਚ 2019 ਦੌਰਾਨ

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



## ਨਵੇਂ ਸਾਲ ਨੂੰ ਸਮਰਪਿਤ ਖ਼ੂਨਦਾਨ ਕੈਂਪ:-

ਸਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋਂ 6 ਜਨਵਰੀ 2019 ਨੂੰ ਸੈਣੀ ਭਵਨ ਵਿਖੇ ਨਵੇਂ ਸਾਲ ਨੂੰ ਸਮਰਪਿਤ 11ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਮਾਨਵਤਾ ਦੀ ਭਲਾਈ ਦੇ ਪ੍ਰੋਗਰਾਮ ਤਹਿਤ ਰਜ਼ਨੀ ਹਰਬਲ ਮਲਿਕਪੁਰ, ਗੁਰੂਨਾਨਕ ਕਰਿਆਣਾ ਸਟੋਰ ਪਪਰਾਲਾ ਅਤੇ ਲਾਈਫ ਲਾਇਨ ਬੱਲਡ ਡੋਨਰ ਸੁਸਾਇਟੀ ਰੂਪਨਗਰ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਦਾ ਉਦਘਾਟਨ ਸੰਤ ਅਵਤਾਰ ਸਿੰਘ ਜੀ ਕੋਟਿ ਪ੍ਰਾਣ ਹੈਡ ਦਰਬਾਰ ਵਾਲਿਆਂ ਨੇ ਕੀਤਾ। ਕੈਂਪ 'ਚ 66 ਵਿਅਕਤੀਆਂ ਨੇ ਖ਼ੂਨਦਾਨ ਕੀਤਾ ਅਤੇ ਡਾ. ਮੁਨੀਸ਼ ਰਾਏ ਦੀ ਅਗਵਾਈ 'ਚ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਵੱਲੋਂ ਖ਼ੂਨ ਇਕੱਤਰਤ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਸੈਣੀ ਭਵਨ ਦੇ ਲੋਕ ਭਲਾਈ ਕਾਰਜਾਂ 'ਤੇ ਚਾਨਣਾ ਪਾਇਆ। ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਖ਼ੂਨਦਾਨ ਕੈਂਪ ਨੂੰ ਸਫਲ ਬਣਾਉਣ ਲਈ ਖ਼ੂਨਦਾਨੀਆਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਕੈਂਪ 'ਚ ਨਰਿੰਦਰ ਖਾਬੜਾ ਨੇ 65ਵੀਂ ਵਾਰ, ਬਲਰਾਜ ਸਿੰਘ ਸਰਪੰਚ ਨੇ 56ਵੀਂ ਵਾਰ, ਜਗਤਾਰ ਸਿੰਘ ਨੇ 51ਵੀਂ ਵਾਰ, ਜਸਬੀਰ ਸਿੰਘ ਨੇ 38ਵੀ ਵਾਰ, ਰੁਪਿੰਦਰ ਸਿੰਘ ਉਬਰਾਏ ਨੇ 36ਵੀਂ ਵਾਰ, ਗਰੁਦੀਪ ਸਿੰਘ ਬਿਕੋ ਤੇ ਧਰਮਪਾਲ ਮਾਲ ਟਾਊਨ ਨੇ 25ਵੀਂ ਵਾਰ, ਗੁਰਵਿੰਦਰ ਸਿੰਘ ਨੇ 23ਵੀਂ ਵਾਰ, ਗੁਰਦੀਪ ਸਿੰਘ ਨੇ 22ਵੀਂ ਵਾਰ, ਮੇਜਰ ਸਿੰਘ ਨੇ 21ਵੀਂ ਵਾਰ, ਅਮਿਤ ਸੈਣੀ ਨੇ 20ਵੀਂ ਵਾਰ ਤੇ ਚਰਨਦੀਪ ਸਿੰਘ ਚੈਰੀ ਨੇ 16ਵੀਂ ਵਾਰ ਖ਼ੂਨਦਾਨ ਕੀਤਾ। ਇਸ ਮੌਕੇ ਰਜਨੀ ਹਰਬਲ ਦੇ ਡਾਇਰੈਕਟਰ ਇੰਜ. ਕੁਲਤਾਰ ਸਿੰਘ, ਗੁਰੁ ਨਾਨਕ ਕਰਿਆਣਾ ਸਟੋਰ ਦੇ ਮਾਲਕ ਲੰਬਰਦਾਰ ਸੁਖਵਿੰਦਰ ਸਿੰਘ, ਲਾਇਫ ਲਾਇਨ ਬਲੱਡ ਡੋਨਰ ਸੁਸਾਇਟੀ ਦੇ ਪ੍ਰਧਾਨ ਕਮਲਜੀਤ ਸਿੰਘ ਬਾਬਾ, ਕੈਂਪ ਦੇ ਮੁੱਖ ਪ੍ਰਬੰਧਕ ਬਲੱਡ ਡੋਨਰ ਦਲਜੀਤ ਸਿੰਘ ਤੋਂ ਇਲਾਵਾ ਸੈਣੀ ਭਵਨ ਦੇ ਪ੍ਰਬੰਧਕ ਹਾਜ਼ਰ ਸਨ।

## ਮੈਗਜ਼ੀਨ "ਸੈਣੀ ਸੰਸਾਰ" ਦੇ 32ਵੇਂ ਅੰਕ ਦਾ ਲੋਕ-ਅਰਪਣ:-

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋਂ 6 ਜਨਵਰੀ, 2019 ਨੂੰ ਸੈਣੀ ਭਵਨ ਵਿਖੇ ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 32ਵਾਂ ਅੰਕ ਵੀ ਜਾਰੀ ਕੀਤਾ ਗਿਆ। ਮੈਗਜ਼ੀਨ ਜਾਰੀ ਕਰਨ ਦੀ ਰਸਮ ਪਿੰਡ ਬੇਲਾ ਤੋਂ ਨਵੇਂ ਚੁੱਣੇ ਸਰਪੰਚ ਲਖਵਿੰਦਰ ਸਿੰਘ ਭੂਰਾ ਨੇ ਅਦਾ ਕੀਤੀ ਅਤੇ ਉਨ੍ਹਾਂ ਸੰਸਥਾ ਦੇ ਸਮਾਜ ਸੇਵਾ ਦੇ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ 11 ਹਜ਼ਾਰ ਰੁਪਏ ਦਾ ਦਾਨ ਦਿੱਤਾ। ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਆਏ ਮੁੱਖ ਮਹਿਮਾਨ ਨੂੰ ਜੀ ਆਇਆ ਆਖਦਿਆਂ ਬਰਾਦਰੀ ਦੇ ਲੋਕਾਂ ਨੂੰ ਸੈਣੀ ਸੰਸਾਰ ਦੇ ਮੈਂਬਰ ਬਨਣ ਦੀ ਪ੍ਰੇਰਣਾ ਕੀਤੀ। ਸਮਾਗਮ ਮੌਕੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਬਲਬੀਰ ਸਿੰਘ, ਕਰਨਲ ਵਿਨੋਦ ਚੌਧਰੀ, ਡਾ. ਜਸਵੰਤ ਕੌਰ, ਗੁਰਮੁੱਖ ਸਿੰਘ ਸੈਣੀ ਐਮ ਸੀ, ਇੰਜ. ਹਰਜੀਤ ਸਿੰਘ ਸੈਣੀ, ਗੁਰਮੁੱਖ ਸਿੰਘ ਲੌਂਗੀਆ, ਅਜੀਤ ਸਿੰਘ, ਰਾਮ ਸਿੰਘ ਸੈਣੀ, ਰਾਜਿੰਦਰ ਸੈਣੀ, ਅਮਰਜੀਤ ਸਿੰਘ, ਰਾਜੀਵ ਸੈਣੀ, ਹਰਜੀਤ ਸਿੰਘ ਗਿਰਨ, ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ, ਅਜਮੇਰ ਸਿੰਘ ਧਮੜੈਤ, ਬੀ.ਐਸ ਪਾਬਲਾ, ਹਰਦੀਪ ਸਿੰਘ ਆਦਿ ਹਾਜਰ ਸਨ।

## ਨਵੇਂ ਚੁੱਣੇ ਸੰਮਤੀ ਮੈਂਬਰਾਂ ਅਤੇ ਸਰਪੰਚਾਂ ਦਾ ਸਨਮਾਨ:-

ਸੈਣੀ ਭਵਨ ਵੱਲੋਂ ਬਰਾਦਰੀ ਦੇ ਲੋਕਾਂ ਨੂੰ ਉਤਸ਼ਾਹਿਤ ਕਰਨ ਦੇ ਪ੍ਰੋਗਰਾਮ ਤਹਿਤ ਸੈਣੀ ਭਵਨ ਵਿੱਖੇ 6 ਜਨਵਰੀ 2019 ਨੂੰ ਇੱਕ ਸਮਾਰੋਹ ਦੌਰਾਨ ਪੰਚਾਇਤੀ ਰਾਜ ਸੰਸਥਾਵਾਂ ਲਈ **ਨਵੇਂ** ਚੁੱਣੇ ਸੰਮਤੀ ਮੈਂਬਰਾਂ ਅਤੇ ਸਰਪੰਚਾਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਹਾਜ਼ਰ ਹੋਏ ਬਲਾਕ ਸੰਮਤੀ ਮੈਂਬਰ-ਸਤਵੰਤ ਕੌਰ ਪਿੰਡ ਸੈਣੀਮਾਜਰਾ (ਨੂਰਪੁਰ ਬੇਦੀ), ਨਰਿੰਦਰ ਸੈਣੀ ਪਿੰਡ ਅਹਿਮਦਪੁਰ, ਭੁਪਿੰਦਰ ਕੌਰ ਪਿੰਡ ਢੱਕੀ (ਸੈਣੀ ਮਾਜਰਾ), ਪਰਮਿੰਦਰ ਕੌਰ ਪਿੰਡ ਸਿੰਘ, ਦਵਿੰਦਰ ਕੌਰ ਪਿੰਡ ਲੋਦੀ ਮਾਜਰਾ ਤੋਂ ਇਲਾਵਾ ਸਰਪੰਚ ਅਜੈ ਕੁਮਾਰ ਪਿੰਡ ਚੌਤਾਂ (ਨੂਰਪੁਰ ਬੇਦੀ), ਸੁਰਜੀਤ ਸਿੰਘ ਸੈਣੀ ਪਿੰਡ ਬਾਮਾ ਕੁਲੀਆ, ਮਿਹਰ ਸਿੰਘ ਲੌਂਗੀਆ ਪਿੰਡ ਸਿੰਘ, ਰਾਜਵਿੰਦਰ ਕੌਰ ਪਿੰਡ ਭੈਰੋ ਮਾਜਰਾ, ਕੁਲਵੰਤ ਕੌਰ ਪਿੰਡ ਥਲੀ ਕਲਾਂ, ਕੁਲਵੰਤ ਸਿੰਘ ਕਾਬੜਵਾਲ ਪਿੰਡ ਸ਼ਾਮਪੁਰਾ, ਜਸਵੀਰ ਕੌਰ ਪਿੰਡ ਰਤਨਪੁਰਾ, ਅਮਰ ਸੰਗ੍ਰਾਮ ਸਿੰਘ ਪਿੰਡ ਖੇੜੀ ਸਲਾਬਤਪੁਰ, ਕੁਲਵਿੰਦਰ ਕੌਰ ਪਿੰਡ ਮਲਕਪੁਰ, ਲਖਵਿੰਦਰ ਸਿੰਘ ਭੂਰਾ ਪਿੰਡ ਬੇਲਾ, ਭੁਪਿੰਦਰ ਸਿੰਘ ਮੁੰਦਰਾ ਪਿੰਡ ਚਨੌਲੀ, ਜਸਵੀਰ ਸਿੰਘ ਪਪਰਾਲ, ਮਨਜੀਤ ਸਿੰਘ ਗੋਲਡੀ ਪਿੰਡ ਰੰਗੀਲਪੁਰ, ਜਸਵਿੰਦਰ ਸਿੰਘ ਪਿੰਡ ਗੁੰਨੋ ਮਾਜਰਾ, ਰਣਜੀਤ ਸਿੰਘ ਰਾਣਾ ਪਿੰਡ ਪੜੀ, ਦਰਸ਼ਨ ਸਿੰਘ ਪਿੰਡ ਛੱਜਾ, ਅਮਨਦੀਪ ਸਿੰਘ ਪਿੰਡ ਨੰਗਲ, ਮਨਜੀਤ ਕੌਰ ਪਿੰਡ ਸਸਕੌਰ, ਜਸਮੀਤ ਕੌਰ ਪਿੰਡ ਟਪਰੀਆ ਬਰਸਾਲਪੁਰ, ਰਣਜੀਤ ਸਿੰਘ ਪਿੰਡ ਮਕਾਰ ਅਤੇ ਚਰਨਜੀਤ ਸਿੰਘ ਪਿੰਡ ਢੱਕੀ ਸੈਣੀ ਮਾਜਰਾ ਦਾ ਸਨਮਾਨ ਕੀਤਾ ਗਿਆ।

## ਖ਼ੂਨਦਾਨ ਕੈਂਪਾਂ ਦਾ ਆਯੋਜਨ ਕਰਨ ਲਈ ਸਨਮਾਨ:-

ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਵੱਲੋਂ 3 ਫਰਵਰੀ 2019 ਨੂੰ ਪੰਜਾਬ ਯੂਨੀਵਰਸਿਟੀ




ਚੰਡੀਗੜ੍ਹ ਵਿੱਖੇ ਬਲੱਡ ਡੋਨਰ ਅਤੇ ਖ਼ੂਨਦਾਨ ਕੈਂਪ ਆਰਗੇਨਾਈਜਰਾਂ ਨੂੰ ਸਨਮਾਨਿਤ ਕਰਨ ਲਈ ਸਾਲਾਨਾ ਇਨਾਮ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ। ਕੈਂਪ 'ਚ ਬਤੌਰ ਮੁੱਖ ਮਹਿਮਾਨ ਪੰਜਾਬ ਅਤੇ ਹਰਿਆਣਾ ਹਾਈ ਦੇ ਚੀਫ ਜਸਟਿਸ, ਜਸਟਿਸ ਕ੍ਰਿਸ਼ਨਾ ਮੁਰਾਰੀ ਪਧਾਰੇ। ਇਸ ਮੌਕੇ ਸੈਣੀ ਭਵਨ ਰੂਪਨਗਰ ਨੂੰ ਲਗਾਤਾਰ ਖ਼ੂਨਦਾਨ ਕੈਂਪਾਂ ਦਾ ਆਯੋਜਨ ਕਰਨ ਲਈ ਸਨਮਾਨਿਤ ਕੀਤਾ ਗਿਆ ਅਤੇ ਸੈਣੀ ਭਵਨ ਲਈ ਇਹ ਸਨਮਾਨ ਬੱਲਡ ਡੋਨਰ ਦਲਜੀਤ ਸਿੰਘ ਨੇ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਹਾਜ਼ਰ ਲਗਾਤਾਰ ਖ਼ੂਨਦਾਨ ਕਰਨ ਵਾਲੇ ਚਰਨਦੀਪ ਸਿੰਘ, ਧੀਰਜ ਗੁਪਤਾ, ਅਮਰਜੀਤ ਸਿੰਘ ਤੇ ਮਨਜੀਤ ਸਿੰਘ ਤੰਬੜ ਨੂੰ ਵੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸੰਸਥਾਵਾਂ ਅਤੇ ਬਲੱਡ ਡੋਨਰਜ਼ ਨੂੰ ਸਨਮਾਨ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ਼ ਸੈਂਟਰ ਦੇ ਡਾਇਰੈਕਟਰ ਡਾ. ਮੁਨੀਸ ਰਾਏ ਵੱਲੋਂ ਭੇਟ ਕੀਤੇ ਗਏ। ਜ਼ਿਕਰਯੋਗ ਹੈ ਕਿ ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਹਰ ਸਾਲ ਦੋ ਖ਼ੂਨਦਾਨ ਕੈਂਪ ਲਗਾਏ ਜਾਂਦੇ ਹਨ ਅਤੇ ਲੋਕ ਸੇਵਾ ਦੇ ਇਸ ਕਾਰਜ਼ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਜਾ ਰਿਹਾ ਹੈ।

**ਸੈਣੀ ਬਰਾਦਰੀ ਨੂੰ ਰਾਜਨੀਤਿਕ ਭਾਗੀਦਾਰੀ ਦੇਣ ਦੀ ਮੰਗ:-**

ਸੈਣੀ ਭਵਨ ਰੂਪਨਗਰ ਦੀ ਸੰਸਥਾ ਜਿੱਥੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਸਿੱਖਿਆ ਦੇ ਪ੍ਰਸਾਰ ਅਤੇ ਖ਼ੂਨਦਾਨ ਕੈਂਪ ਲਗਾਉਣ ਵਰਗੇ ਮਹੱਤਵਪੂਰਨ ਸਮਾਜ ਸੇਵਾ ਦੇ ਕਾਰਜ ਕਰ ਰਹੀ ਹੈ ਉੱਥੇ ਸੈਣੀ ਬਰਾਦਰੀ ਦੀ ਬੇਹਤਰੀ ਲਈ ਵੀ ਹਮੇਸ਼ਾਂ ਯਤਨਸ਼ੀਲ ਰਹਿੰਦੀ ਹੈ। ਇਸ ਮੰਤਵ ਲਈ ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਦੀ ਮੀਟਿੰਗ 6 ਫਰਵਰੀ, 2019 ਨੂੰ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸਮੂਹ ਰਾਜਸੀ ਪਾਰਟੀਆਂ ਤੋਂ ਮੰਗ ਕੀਤੀ ਗਈ ਕਿ ਚੋਣਾਂ ਸਮੇਂ ਬਰਾਦਰੀ ਦੇ ਬਹੁਗਿਣਤੀ ਹਲਕਿਆਂ ਵਿਚ ਸੈਣੀ ਬਰਾਦਰੀ ਦੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਜਾਣ ਤਾਂ ਜੋ ਸੈਣੀ ਬਰਾਦਰੀ ਦੇ ਰਾਜਨੀਤਕ ਆਗੂਆਂ ਨੂੰ ਵਿਧਾਨ ਸਭਾ ਤੇ ਪਾਰਲੀਮੈਂਟ ਵਿੱਚ ਜਾਣ ਦਾ ਮੌਕਾ ਮਿਲੇ ਜਿੱਥੇ ਉਹ ਆਪਣੀ ਬਰਾਦਰੀ ਦੀਆਂ ਹੱਕੀ ਮੰਗਾਂ ਲਈ ਆਵਾਜ਼ ਉਠਾ ਸਕਣ। ਮੀਟਿੰਗ 'ਚ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਹਾਜ਼ਰ ਸਨ। ਇਸ ਸਬੰਧੀ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨੂੰ ਮੰਗ ਪੱਤਰ ਦੇਣ ਲਈ ਚੰਡੀਗੜ੍ਹ ਗਏ ਸੂਬਾ ਪੱਧਰੀ ਡੈਲੀਗੇਸ਼ਨ ਵਿੱਚ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਵੀ ਸ਼ਾਮਿਲ ਹੋਏ।

**ਸੈਣੀ ਭਵਨ ਦੇ ਟਰੱਸਟੀ ਬੋਰਡਾਂ ਅਤੇ ਪ੍ਰਬੰਧਕੀ ਕਮੇਟੀਆਂ ਦਾ ਪੁਨਰਗਠਨ-**

ਸੈਣੀ ਭਵਨ ਦੇ ਸਮਾਜਸੇਵੀ ਖੇਤਰ ਨੂੰ ਹੋਰ ਵਿਸ਼ਾਲ ਕਰਨ ਅਤੇ ਇਸ ਦੀ ਕਾਰਗੁਜ਼ਾਰੀ ਨੂੰ ਚੁਸਤ-ਫੁਰਤ ਬਣਾਉਣ ਦੇ ਉਦੇਸ਼ ਨਾਲ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਅਤੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰਸਟ ਦੇ ਬੋਰਡਾਂ ਅਤੇ ਪ੍ਰਬੰਧਕੀ ਕਮੇਟੀਆਂ ਵਿੱਚ ਤਬਦੀਲੀਆਂ ਕੀਤੀਆਂ ਗਈਆਂ। ਇਸ ਉਦੇਸ਼ ਹਿਤ ਨਵੇਂ ਟਰੱਸਟੀ ਵੀ ਸ਼ਾਮਿਲ ਕੀਤੇ ਗਏ।

**''ਸ਼ਕਤੀ'' ਐਪ ਦੀ ਵਰਤੋਂ ਬਾਰੇ ਸਿਖਿਆਰਥਣਾ ਨੂੰ ਕੀਤਾ ਜਾਗਰੂਕ:-**

ਪੰਜਾਬ ਪੁਲਿਸ ਵੱਲੋਂ ਮਹਿਲਾਵਾਂ ਦੀ ਸੁਰੱਖਿਆ ਲਈ ''ਸ਼ਕਤੀ'' ਨਾਂ ਦੀ ਐਪ ਤਿਆਰ ਕੀਤੀ ਗਈ ਹੈ। ਇਸ ਬਾਰੇ ਸੈਣੀ ਭਵਨ ਵਿਖੇ ਚੱਲ ਰਹੇ ਸਕੂਲਾਂ ਦੀਆਂ ਸਿੱਖਿਆਰਥਣਾਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਰੂਪਨਗਰ ਦੇ ਇੰਚਾਰਜ ਰਣਜੀਤ ਸਿੰਘ ਐੱਸ.ਆਈ ਨਾਲ ਰੂ-ਬਰੂ ਕੀਤਾ ਗਿਆ। ਉਨ੍ਹਾ ਦੱਸਿਆ ਕਿ ਕਿਸੇ ਵੀ ਸੰਕਟ ਦੇ ਸਮੇਂ ਮਹਿਲਾਵਾਂ ਇਸ ਐਪ ਦੀ ਵਰਤੋਂ ਕਰਕੇ ਜਿੱਥੇ ਪੁਲਿਸ ਤੋਂ ਫੌਰੀ ਮਦਦ ਲੈ ਸਕਦੀਆਂ ਹਨ ਉੱਥੇ ਉਹ ਆਪਣੇ ਵਾਰਸਾਂ ਤੇ ਹਮਦਰਦਾਂ ਨੂੰ ਵੀ ਸੂਚਨਾ ਭੇਜ ਸਕਦੀਆਂ ਹਨ। ਮਹਿਲਾਵਾਂ ਖਾਸ ਕਰਕੇ ਨੌਜਵਾਨ ਲੜਕੀਆਂ ਇਹ ਐਪ ਆਪਣੇ ਸਮਾਰਟ ਫੋਨ 'ਤੇ ਆਸਾਨੀ ਨਾਲ ਪਲੇਅ ਸਟੋਰ ਤੋਂ ਡਾਉਨਲੋਡ ਕਰ ਸਕਦੀਆਂ ਹਨ। ਇਸ ਐਪ 'ਤੇ ਹੈਲਪ ਨੂੰ ਟਚ ਕਰਨ ਤੇ ਸਬੰਧਤ ਮਹਿਲਾ ਦੇ ਸੰਕਟ ਵਾਲੇ ਸਥਾਨ ਦੀ ਸੂਚਨਾ ਫੋਰੀ ਪੁਲਿਸ ਅਤੇ ਉਸ ਦੇ ਵਾਰਸਾਂ ਜਾਂ ਮਦਦਗਾਰਾਂ ਨੂੰ ਮਿਲ ਜਾਂਦੀ ਹੈ। ਇਸ ਬਾਰੇ ਵਧੇਰੇ ਜਾਣਕਾਰੀ ਆਪਣੇ ਲਾਗਲੇ ਸਾਂਝ ਕੇਂਦਰ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿੱਖਿਆਰਥਣਾਂ ਨੂੰ ਇਸ ਐਪ ਬਾਰੇ ਗੁਰਿੰਦਰ ਸਿੰਘ ਨੇ ਵਿਸਥਾਰ ਨਾਲ ਸਮਝਾਇਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੁਲਿਸ ਵੱਲੋਂ ਹੈਪਲ ਲਾਇਨ 100 ਨੰਬਰ ਦੀ ਥਾਂ 'ਤੇ ਹੁਣ 112 ਨੰਬਰ ਅਮਲ ਵਿੱਚ ਲਿਆਦਾ ਗਿਆ ਹੈ।

**ਆਧੁਨਿਕ ਕਿੱਤਾ-ਕੋਰਸਾਂ ਬਾਰੇ ਜਾਣਕਾਰੀ ਲਈ ਸੈਮੀਨਾਰ-**

ਆਈ. ਈ.ਟੀ. ਭੱਦਲ (ਰੋਪੜ) ਵਲੋਂ ਨੈਸ਼ਨਲ ਇੰਸਟੀਚਿਊਟ ਆਫ ਇਲੈਕਟ੍ਰਾਨਿਕਸ ਐਂਡ ਇਨਫਰਮੇਸ਼ਨ ਟੈਕਨਾਲੋਜੀ ਰੋਪੜ ਦੇ ਸਹਿਯੋਗ ਨਾਲ ਫਰਬਰੀ ਮਹੀਨੇ ਵਿੱਚ ਸੈਣੀ ਭਵਨ ਵਿਖੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਮਾਹਿਰਾਂ ਨੇ ਆਪਣੀਆਂ ਸੰਸਥਾਵਾਂ ਵਿੱਚ ਕਰਵਾਏ ਜਾ ਰਹੇ ਅਤਿ ਆਧੁਨਿਕ ਛੋਟੇ-ਵੱਡੇ ਕੋਰਸਾਂ ਦੀ ਜਾਣਕਾਰੀ ਪ੍ਰਦਾਨ ਕੀਤੀ। ਇਨ੍ਹਾਂ ਵਿੱਚ ਆਈ.ਈ.ਟੀ.

ਭੱਦਲ ਵਿੱਚ 'ਏਅਰਕ੍ਰਾਫਟ ਮੇਨਟੀਨੈਂਸ ਇੰਜਨੀਅਰਿੰਗ' ਦੀ ਬੀ.ਐਸ.ਸੀ ਆਨਰਜ਼ ਡਿਗਰੀ ਅਤੇ ਨਾਇਲਟ ਦੇ ਕੰਪਿਊਟਰ ਕੋਰਸਾਂ ਦਾ ਵਿਸ਼ੇਸ਼ ਜ਼ਿਕਰ ਹੋਇਆ। ਇਸ ਸੈਮੀਨਾਰ ਵਿੱਚ ਸੈਣੀ ਭਵਨ ਦੇ ਪ੍ਰਬੰਧਕ ਅਤੇ ਸਿਖਲਾਈ ਕੇਂਦਰਾਂ ਦੀਆਂ ਸਿਖਿਆਰਥਣਾ ਵੀ ਸ਼ਾਮਿਲ ਹੋਈਆਂ। ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਇਸ ਦੀ ਪ੍ਰਧਾਨਗੀ ਕੀਤੀ ਅਤੇ ਹਾਜ਼ਰੀਨ ਨੂੰ ਇਨ੍ਹਾਂ ਰਾਸ਼ਟਰ ਪੱਧਰੀ ਸੰਸਥਾਵਾਂ ਤੋਂ ਲਾਭ ਉਠਾਉਣ ਲਈ ਪ੍ਰੇਰਨਾ ਦਿੱਤੀ।

**ਸੈਣੀ ਭਵਨ ਦੀ ਇਮਾਰਤ ਦਾ ਵਿਸਤਾਰ ਅਤੇ ਸੁੰਦਰੀਕਰਨ–**

ਸੈਣੀ ਭਵਨ ਵਿੱਚ ਵਧ ਰਹੀਆਂ ਸਰਗਰਮੀਆਂ ਨਾਲ ਇਸ ਦੀ ਇਮਾਰਤ ਨਾਕਾਫੀ ਜਾਪਣ ਲੱਗੀ ਹੈ। ਖਾਸ ਕਰਕੇ ਕਮੇਟੀ ਲਈ ਮੀਟਿੰਗ ਦਾ ਕਮਰਾ ਬਹੁਤ ਛੋਟਾ ਸੀ। ਇਸ ਲਈ ਗਰਾਊਂਡ ਫਲੋਰ ਦੇ ਹਾਲ ਵਿੱਚ ਗੈਲਰੀ ਬਣਾ ਕੇ ਉਸ ਨੂੰ ਖੂਬਸੂਰਤ ਕਮਰੇ ਦਾ ਰੂਪ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕੈਂਪਸ ਨੂੰ ਸੁੰਦਰ ਦਿਖ ਦੇਣ ਲਈ ਹਾਲ ਦੇ ਬਾਹਰਲੇ ਖਾਲੀ ਥਾਂ 'ਤੇ ਵੀ ਪੱਕਾ ਫਰਸ਼ ਬਣਵਾਇਆ ਗਿਆ ਹੈ। ਇਸ ਤੋਂ ਇਲਾਵਾ ਇਮਾਰਤ ਦੇ ਪੁਰਾਣੇ ਖਸਤਾ ਹਾਲਤ ਹਿੱਸਿਆਂ ਦੀ ਮੁਰੰਮਤ ਕਰਵਾ ਕੇ ਸਾਰੀ ਇਮਾਰਤ ਨੂੰ ਪੇਂਟ ਕਰਵਾਇਆ ਗਿਆ ਹੈ।

**ਬਜ਼ੁਰਗਾਂ ਦੇ "ਆਪਣਾ ਘਰ" 'ਚ ਮਨਾਈ ਲੋਹੜੀ:–**

ਸੈਣੀ ਭਵਨ ਦੇ ਸਹਿਯੋਗ ਨਾਲ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਵੱਲੋਂ ਹਵੇਲੀ ਕਲਾਂ 'ਚ ਚਲਾਏ ਜਾ ਰਹੇ ਬਜ਼ੁਰਗਾਂ ਦੇ "ਆਪਣਾ ਘਰ" ਵਿਖੇ 11 ਜਨਵਰੀ, 2019 ਨੂੰ ਇੰਨਰਵੀਲ੍ਹ ਕਲੱਬ ਰੂਪਨਗਰ ਦੇ ਮੈਂਬਰਾਂ ਨੇ ਕਲੱਬ ਦੀ ਪ੍ਰਧਾਨ ਆਦਰਸ਼ ਸ਼ਰਮਾ ਦੀ ਅਗਵਾਈ ਵਿੱਚ ਬਜ਼ੁਰਗਾਂ ਨਾਲ ਲੋਹੜੀ ਦੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆ। ਲੋਹੜੀ ਜਲਾਉਣ ਦੀ ਰਸਮ ਦਾ ਅਰੰਭ "ਆਪਣਾ ਘਰ" ਵਿੱਚ ਰਹਿ ਰਹੇ ਬਜ਼ੁਰਗਾਂ ਵੱਲੋਂ ਕੀਤੀ ਗਈ। ਖੁਸ਼ੀਆਂ ਦੇ ਇਸ ਸਮਾਗਮ ਵਿੱਚ ਡੈਫੋਡਿਲਜ਼ ਸਕੂਲ ਰੂਪਨਗਰ ਦੀ ਪ੍ਰਿੰਸੀਪਲ ਗੁਰਪਿੰਦਰ ਕੌਰ ਸਕੂਲ ਦੇ ਨੰਨ੍ਹੇ-ਮੁੰਨੇ ਬੱਚੇ ਲੈ ਕੇ ਸ਼ਾਮਲ ਹੋਏ ਅਤੇ ਉਨ੍ਹਾਂ ਆਪਣਾ ਘਰ ਲਈ 10 ਕੁਰਸੀਆਂ ਦਾਨ ਕੀਤੀਆ। ਦੋਵੇ ਸੰਸਥਾਵਾਂ ਵੱਲੋਂ ਇਕਤਰਤ ਬਜ਼ੁਰਗਾਂ ਦੀ ਰੇੜੀਆਂ, ਮਿਠਾਈਆਂ ਆਦਿ ਨਾਲ ਭਰਪੂਰ ਸੇਵਾ ਕੀਤੀ ਗਈ। ਇਸ ਮੌਕੇ ਲੋਹੜੀ ਦੀ ਖੁਸ਼ੀ ਵਿੱਚ ਇੰਨਰਵੀਲ੍ਹ ਕਲੱਬ ਵੱਲੋਂ ਲਿਆਦਾ ਗਿਆ ਕੇਕ ਵੀ ਕੱਟਿਆ ਗਿਆ।

**ਜਨਮਦਿਨ ਮਨਾਏ :**

ਸੈਣੀ ਭਵਨ ਦੇ ਪ੍ਰਬੰਧਕ ਆਪਸੀ ਖੁਸ਼ੀਆਂ ਵੀ ਇੱਕਠਿਆਂ ਮਿਲ ਕੇ ਮਨਾਉਂਦੇ ਹਨ। ਇਸ ਤਹਿਤ ਤਿਮਾਹੀ ਦੌਰਾਨ ਦੇ ਜਨਮ ਦਿਨ ਮਨਾਏ ਗਏ। ਇਸ ਸਮੇਂ ਇਨ੍ਹਾਂ ਖੁਸ਼ਕਿਸਮਤ ਮੈਂਬਰਾਂ ਨੂੰ ਤੋਹਫੇ ਵੀ ਦਿੱਤੇ ਗਏ।

## ਕਲਾ ਦੀ ਕਦਰ

ਅਬਰਾਹਿਮ ਲਿੰਕਨ ਨੇ ਅਮਰੀਕਾ ਦਾ ਰਾਸ਼ਟਰਪਤੀ ਬਣਨ ਤੋਂ ਬਾਅਦ ਪਹਿਲੀ ਵੇਰ ਲੋਕਾਂ ਦੇ ਰੂਬਰੂ ਹੋਣਾ ਸੀ। ਕੁੱਝ ਹੰਕਾਰੀ ਲੋਕ ਉਸ ਨਾਲ ਈਰਖਾ ਕਰਦੇ ਸਨ ਕਿਉਂ ਕਿ ਉਸ ਦੇ ਪਿਤਾ ਜੀ ਬੂਟ ਬਣਾਉਣ ਦਾ ਕੰਮ ਕਰਦੇ ਸਨ। ਉਸ ਦੇ ਲੈਕਚਰ ਦੌਰਾਨ ਇੱਕ ਆਦਮੀ ਨੇ ਉੱਠ ਕੇ ਕਿਹਾ, "ਮਿਸਟਰ ਲਿੰਕਨ, ਤੁਹਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਤੁਹਾਡੇ ਪਿਤਾ ਜੀ ਸਾਡੇ ਪਰਿਵਾਰ ਲਈ ਬੂਟ ਬਣਾਉਂਦੇ ਹਨ"। ਸੈਨੇਟ ਦੇ ਸਾਰੇ ਲੋਕ ਹੱਸਣ ਲਗ ਪਏ। ਉਹ ਖੁਸ਼ ਸਨ ਕਿ ਉਨ੍ਹਾਂ ਨੇ ਲਿੰਕਨ ਦਾ ਮਜ਼ਾਕ ਉਡਾਇਆ ਹੈ। ਅਬਰਾਹਿਮ ਲਿੰਕਨ ਨੇ ਉਸ ਆਦਮੀ ਨੂੰ ਗੌਰ ਨਾਲ ਵੇਖਿਆ ਅਤੇ ਕਿਹਾ, " ਜਨਾਬ ਮੈਨੂੰ ਪਤਾ ਹੈ ਕਿ ਮੇਰੇ ਪਿਤਾ ਜੀ ਤੁਹਾਡੇ ਅਤੇ ਏਥੇ ਹਾਜ਼ਰ ਹੋਰਨਾਂ ਦੇ ਵੀ ਬੂਟ ਬਣਾਉਂਦੇ ਰਹੇ ਹਨ। ਜਿਹੋ ਜਿਹੇ ਉਹ ਬੂਟ ਬਣਾਉਂਦੇ ਸਨ ਉਹੋ ਜਿਹੇ ਹੋਰ ਕੋਈ ਨਹੀਂ ਬਣਾ ਸਕਦਾ। ਉਹ ਬਹੁਤ ਵਧੀਆ ਕਾਰੀਗਰ ਸਨ। ਉਹ ਆਪਣੀ ਰੂਹ ਨਾਲ ਬੂਟ ਬਣਾਉਂਦੇ ਸਨ। ਮੈਨੂੰ ਉਨ੍ਹਾਂ 'ਤੇ ਮਾਣ ਹੈ। ਮੈਨੂੰ ਵੀ ਬੂਟ ਬਣਾਉਣੇ ਆਉਂਦੇ ਹਨ। ਜੇ ਤੁਹਾਨੂੰ ਕੋਈ ਸ਼ਿਕਾਇਤ ਹੈ ਤਾਂ ਦੱਸੋ, ਮੈਂ ਬੂਟਾਂ ਦਾ ਦੂਜਾ ਜੋੜਾ ਬਣਾ ਦਿਆਂਗਾ"। ਸਾਰਾ ਸੈਨੇਟ ਇਹ ਸੁਣ ਕੇ ਸੁੰਨ ਹੋ ਗਿਆ। ਉਹ ਆਦਮੀ ਸਭ ਨੂੰ ਬੇਵਕੂਫ ਜਾਪਣ ਲੱਗਾ। ਲਿੰਕਨ ਨੇ ਕਿਹਾ, " ਹੁਣ ਬੋਲੋ, ਹੁਣ ਕਿਉਂ ਗੁੰਗੇ ਹੋ ਗਏ ਹੋ? ਤੁਸੀਂ ਮੈਨੂੰ ਸ਼ਰਮਸਾਰ ਕਰਨਾ ਚਾਹੁੰਦੇ ਸੀ। ਆਪਣੇ ਆਲੇ ਦੁਆਲੇ ਦੇਖੋ, ਤੁਸੀਂ ਆਪ ਬੇਵਕੂਫ ਬਣ ਗਏ ਹੋ"।

❊❊❊

## ਨਵੇਂ ਟਰੱਸਟੀਆਂ ਨੂੰ- ਜੀ ਆਇਆਂ



ਸ. ਦਵਿੰਦਰ ਸਿੰਘ ਜਟਾਣਾ



ਕੈਪਟਨ ਹਾਕਮ ਸਿੰਘ (ਰਿਟਾ.)



ਸ. ਗੁਰਮੁਖ ਸਿੰਘ ਲੌਂਗੀਆ

ਇਹ ਨਿਯੁਕਤੀਆਂ ਇਨ੍ਹਾਂ ਵਿਅਕਤੀਆਂ ਦੀ ਯੋਗਤਾ, ਸਮਾਜ ਵਿੱਚ ਸਥਾਨ ਅਤੇ ਸੈਣੀ ਬਰਾਦਰੀ ਪ੍ਰਤਿ ਸੁਹਿਰਦਤਾ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ। ਆਸ ਕੀਤੀ ਜਾਂਦੀ ਹੈ ਕਿ ਇਹ ਟਰੱਸਟੀ ਪੂਰੀ ਸਮਰਥਾ ਨਾਲ ਸੈਣੀ ਭਵਨ ਦੀ ਸਹਾਇਤਾ ਕਰਨਗੇ। ਇਨ੍ਹਾਂ ਨਵੇਂ ਟਰੱਸਟੀਆਂ ਦਾ ਅਦਾਰਾ ਸੈਣੀ ਭਵਨ ਵਿੱਚ ਨਿੱਘਾ ਸਵਾਗਤ ਹੈ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਗਟ ਦਿਵਸ ਨੂੰ ਸਮਰਪਿਤ

# ਗੁਰੂ ਨਾਨਕ ਦੇਵ ਜੀ ਪ੍ਰਯਾਗ-(ਅਲਾਹਾਬਾਦ) 'ਚ

ਡਾ. ਮਲਕੀਅਤ ਸਿੰਘ
ਮਹਿਤਪੁਰੀ, ਕੈਨੇਡਾ



ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਸਤੰਬਰ 1508 ਤੋਂ ਦਸੰਬਰ 1515 ਤੱਕ ਕੀਤੀ। ਆਪ ਜੀ ਸੁਲਤਾਨਪੁਰ ਤੋਂ ਚੱਲ ਕੇ ਲਾਹੌਰ ਅਤੇ ਫਿਰ ਤਲਵੰਡੀ ਗਏ। ਭਾਈ ਮਰਦਾਨਾ ਵੀ ਗੁਰੂ ਜੀ ਦੇ ਨਾਲ ਸਨ। ਇੱਥੋਂ ਆਪ ਸੈਦਪੁਰ, ਹਰਿਦੁਆਰ, ਗੋਰਖਮਤਾ ਅਤੇ ਰੀਠਿਆਂ ਦੇ ਜੰਗਲ ਨੂੰ ਪਾਰ ਕਰ ਕੇ ਅਯੁੱਧਿਆ ਅਤੇ ਦਸੰਬਰ, 1508 ਦੇ ਆਖੀਰ ਵਿੱਚ ਪ੍ਰਯਾਗ ਪਹੁੰਚੇ।

ਪ੍ਰਯਾਗ, ਅਯੁੱਧਿਆ ਤੋਂ ਦੱਖਣ ਵੱਲ 85 ਕੁ ਮੀਲ ਦੀ ਵਿੱਥ 'ਤੇ ਹੈ। ਇੱਥੇ ਹਿੰਦੂਆਂ ਦਾ ਪ੍ਰਸਿੱਧ ਤੀਰਥ ਅਸਥਾਨ, ' ਪ੍ਰਯਾਗ ਰਾਜ' ਹੈ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਇਸ ਸਥਾਨ ਦਾ ਨਾਂ ਬਦਲ ਕੇ ਅਲਾਹਾਬਾਦ ਰੱਖ ਦਿੱਤਾ ਸੀ।( ਹੁਣ ਫਿਰ ਇਸ ਦਾ ਨਾਮ ਪ੍ਰਯਾਗ ਰਖ ਦਿੱਤਾ ਗਿਆ ਹੈ।) ਜਿਵੇਂ ਕਾਸ਼ੀ ਦੇ ਵਿਸ਼ੇਸ਼ਵਨਾਥ ਮੰਦਰ ਵਿੱਚ ਇੱਕ ਕਰਵਤ੍ਰ(ਆਰਾ) ਸੀ, ਇਵੇਂ ਹੀ ਪ੍ਰਯਾਗ ਵਿੱਚ ਵੀ ਇੱਕ ਕਰਵਤ੍ਰ ਸੀ ਭਾਵੇਂ ਕਿ ਇਹ ਕਾਸ਼ੀ ਵਾਲੇ ਜਿੰਨਾ ਪ੍ਰਸਿੱਧ ਨਹੀਂ ਸੀ। ਇਸ ਕਰਵਤ੍ਰ ਬਾਰੇ ਕਿਹਾ ਜਾਂਦਾ ਸੀ ਕਿ ਇਸ ਨਾਲ ਚੀਰੇ ਜਾਣ ਵਾਲਾ ਸਿੱਧਾ ਸ਼ਿਵਪੁਰੀ ਜਾਣ ਦਾ ਅਧਿਕਾਰੀ ਹੁੰਦਾ ਹੈ। ਪ੍ਰਯਾਗ ਦੇ ਕਰਵਤ੍ਰ ਨੂੰ ਵੀ ਪ੍ਰਸਿੱਧ ਕਰਨ ਲਈ ਪਾਂਡਿਆਂ ਨੇ ਇੱਕ ਨਵੀਂ ਵਿਉਂਤ ਬਣਾਈ। ਇੱਥੇ ਇੱਕ ਵੱਡੇ ਆਕਾਰ ਵਾਲਾ ਬੋਹੜ ਸੀ, ਜਿਸ ਦਾ ਨਾਂ ਪਾਂਡਿਆਂ ਨੇ 'ਅਕਸ਼ਯ ਵਟ' ਰੱਖਿਆ ਸੀ। 'ਅਕਸ਼ਯ' ਸ਼ਬਦ ਦਾ ਅਰਥ ਹੈ 'ਅਖਯ'- ਭਾਵ ਨਾਸ਼ਰਹਿਤ ਅਤੇ 'ਵਟ' ਦਾ ਅਰਥ ਹੈ, ' ਬੋਹੜ ਦਾ ਦਰਖਤ'। ਇਸ ਪ੍ਰਕਾਰ 'ਅਕਸ਼ਯ ਵਟ' ਦਾ ਅਰਥ ਹੈ- 'ਉਹ ਬੋਹੜ ਜੋ ਕਦੇ ਨਾਸ਼ ਨਹੀਂ ਹੁੰਦੀ'। ਇਸ ਬੋਹੜ ਬਾਰੇ ਪਾਂਡਿਆਂ ਨੇ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਜੋ ਮਨੁੱਖ ਆਪਣਾ ਸਭ ਕੁੱਝ ਦਾਨ ਕਰ ਕੇ ਇਸ ਬੋਹੜ ਉੱਤੋਂ ਡਿਗ ਕੇ ਮਰਦਾ ਹੈ, ਉਹ ਅਮਰ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਅੰਧਵਿਸ਼ਵਾਸ ਵਾਲੀ ਗੱਲ ਦੀ ਨਿੰਦਾ ਕੀਤੀ ਅਤੇ ਲੋਕਾਂ ਨੂੰ ਇਸ ਬਾਰੇ ਜਾਗ੍ਰਿਤ ਕੀਤਾ। ਬਾਅਦ ਵਿੱਚ ਮੁਗਲ ਬਾਦਸ਼ਾਹ, ਜਹਾਂਗੀਰ ਨੇ ਇਸ ਬੋਹੜ ਨੂੰ ਕਟਵਾ ਦਿੱਤਾ, ਜਿਸ ਨਾਲ ਇਹ ਨਿਰਦਈ ਦੁਕਾਨ ਬੰਦ ਹੋ ਗਈ।

ਪ੍ਰਯਾਗ ਵਿੱਚ ਤਿੰਨ ਨਦੀਆਂ- ਗੰਗਾ,ਯਮੁਨਾ ਤੇ ਸੁਰਸਵਤੀ ਦਾ ਸੰਗਮ( ਮਿਲਣ ਸਥਾਨ) ਹੈ ਜਿਸ ਨੂੰ ਤ੍ਰਿਬੇਣੀ ਕਿਹਾ ਜਾਂਦਾ ਹੈ। ਸੁਰਸਵਤੀ ਨਾਂ ਦੀ ਹੁਣ ਕੋਈ ਨਦੀ ਨਹੀਂ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਲੁਪਤ ਹੋ ਗਈ ਹੈ। ਹਿੰਦੂ ਮਤ ਅਨੁਸਾਰ ਤ੍ਰਿਬੇਣੀ ਦੇ ਇਸ਼ਨਾਨ ਦਾ ਬਹੁਤ ਮਹੱਤਵ ਹੈ, ਖਾਸ ਕਰਕੇ ਮਾਘ ਮਹੀਨੇ ਦੀ ਸੰਗ੍ਰਾਂਦ ਨੂੰ। ਗੁਰੂ ਨਾਨਕ ਦੇਵ ਜੀ ਨੇ ਇਸ ਗੁਪਤ ਸੰਗਮ ਨੂੰ ਵੀ ਗਲਤ ਠਹਿਰਾ ਕੇ ਲੋਕਾਂ ਨੂੰ ਇਸ ਅੰਧਵਿਸ਼ਵਾਸ ਵਿਰੁੱਧ ਜਾਗਰੂਕ ਕੀਤਾ। ਉਨ੍ਹਾਂ ਨੇ ਇਸ ਨੂੰ ਲੋਕਾਂ ਤੋਂ ਪੈਸੇ ਇਕੱਠੇ ਕਰਨ ਲਈ ਪੰਡਤਾਂ ਦੀ ਇੱਕ ਚਾਲ ਦੱਸਿਆ।

ਪ੍ਰਯਾਗ ਬਾਰੇ ਇੱਕ ਕਥਾ ਹੋਰ ਵੀ ਹੈ ਕਿ ਸੰਖ ਵਿੱਚ ਜੰਮਿਆ ਇੱਕ ਦੈਂਤ, ਸੰਖਾਸੁਰ ਵੇਦਾਂ ਨੂੰ ਲੈ ਕੇ ਸਮੁੰਦਰ ਵਿੱਚ ਜਾ ਲੁਕਿਆ। ਵਿਸ਼ਨੂੰ ਜੀ ਨੇ ਮੱਛ ਅਵਤਾਰ ਧਾਰ ਕੇ ਸੰਖਾਸੁਰ ਨੂੰ ਮਾਰਿਆ ਤੇ ਉਸ ਤੋਂ ਵੇਦ ਵਾਪਿਸ ਲਿਆ ਕੇ ਬ੍ਰਹਮਾ ਜੀ ਨੂੰ ਦਿੱਤੇ। ਕਿਹਾ ਜਾਂਦਾ ਹੈ ਕਿ ਬ੍ਰਹਮਾ ਜੀ ਨੇ ਦਸ ਅਸ਼ਵਮੇਧ ਯੱਗ ਇੱਥੇ ਹੀ ਕੀਤੇ, ਤਾਂ ਇਸ ਸਥਾਨ ਦਾ ਨਾਂ 'ਪ੍ਰਯਾਗ' ਪਿਆ। ਅਯੁੱਧਿਆ ਤੇ ਪ੍ਰਯਾਗ ਵਿੱਚ ਗੁਰੂ ਜੀ ਨੇ ਬੈਰਾਗੀ ਸਾਧੂਆਂ ਤੇ ਹਿੰਦੂ ਜਨਤਾ ਨੂੰ ਪੱਥਰਾਂ, ਮੂਰਤੀਆਂ ਤੇ ਦਰਖਤਾਂ ਦੀ ਪੂਜਾ ਕਰਨ ਤੋਂ ਵੀ ਵਰਜਿਆ। ਉਨ੍ਹਾਂ ਨੇ ਸਭ ਨੂੰ ਇੱਕ ਪ੍ਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ।

❋ ❋ ❋ ❋ ❋

ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਗਟ ਦਿਵਸ 'ਤੇ ਵਿਸ਼ੇਸ਼

# ਬਾਬਾ ਤੇ ਮਰਦਾਨਾ

ਸ਼ਿਵ ਕੁਮਾਰ ਬਟਾਲਵੀ

ਨਿੱਤ ਫਿਰਦੇ ਦੇਸ ਬਦੇਸ
ਕਦੇ ਤਾਂ ਵਿੱਚ ਬਨਾਰਸ ਕਾਸ਼ੀ
ਕਰਨ ਗੁਣੀ ਸੰਗ ਭੇਟ
ਕੱਛ ਮੁਸੱਲਾ ਹੱਥ ਵਿੱਚ ਗੀਤਾ
ਅਜਬ ਫਕੀਰੀ ਭੇਸ
ਆ ਆ ਬੈਠਣ ਗੋਸ਼ਟ ਕਰਦੇ
ਪੀਰ ਬ੍ਰਾਹਮਣ ਸ਼ੇਖ
ਨਾ ਕੋਈ ਹਿੰਦੂ ਨਾ ਕੋਈ ਮੁਸਲਿਮ
ਕਰਦਾ ਅਜਬ ਆਦੇਸ਼
ਗੰਗਾ ਉਲਟਾ ਅਰਘ ਚੜ੍ਹਾਵੇ
ਸਿੰਜੇ ਆਪਣੇ ਖੇਤ
ਹਉਂ ਵਿੱਚ ਆਏ ਹਉਂ ਵਿੱਚ ਮੋਏ
ਡਰਦੇ ਉਸ ਨੂੰ ਵੇਖ
ਰੱਬ ਨੂੰ ਨਾ ਉਹ ਅੱਲਾਹ ਆਖੇ
ਤੇ ਨਾ ਰਾਮ ਮਹੇਸ਼
ਕਹਵੇ ਅਜੂਨੀ ਕਹਵੇ ਅਮੂਰਤ
ਨਿਰਭਾਉ ਆਭੇਖ ।

ਸੈਣੀ ਸਾਹਿਤਕਾਰ

## ਕਹਾਣੀਕਾਰ-ਚਰਨਜੀਤ ਸਿੰਘ ਕਤਰਾ

ਜ਼ਿਲ੍ਹਾ ਮੁਹਾਲੀ ਦੇ ਪਿੰਡ ਸਹੌੜਾਂ ਦੇ ਸੈਣੀ ਪਰਿਵਾਰ ਵਿੱਚ ਜਨਮਿਆਂ ਇਹ ਪ੍ਰੌੜ ਕਹਾਣੀਕਾਰ ਬਿਖੜੇ ਪੈਂਡਿਆਂ ਦਾ ਅਣਥੱਕ ਪਾਂਧੀ ਹੈ। ਉਸ ਨੇ ਆਪਣੇ ਪਰਿਵਾਰ ਬਾਰੇ ਪੁਸਤਕ, ' ਮੁੜੀਆਂ ਪੈੜਾਂ ਦੇ ਸਿਰਨਾਵੇਂ' ਲਿਖ ਕੇ ਸਾਹਿਤ ਜਗਤ ਵਿੱਚ ਪੈਰ ਧਰ ਕੇ ਮੁੜ ਪਿੱਛੇ ਵੱਲ ਨਹੀਂ ਝਾਕਿਆ। 'ਤ੍ਰਿਕਾਲਾਂ ਦੀ ਬੇਬਸੀ' ਉਸ ਦਾ ਪਲੇਠਾ ਮਿਨੀ ਕਹਾਣੀ ਸੰਗ੍ਰਿਹ ਹੈ ਜੋ 24 ਫਰਬਰੀ 2019 ਨੂੰ ਰਿਲੀਜ਼ ਹੋਇਆ ਹੈ। ਇਹ ਰਸਮ ਨੰਗਲ ਤੋਂ ਸ. ਬਲਬੀਰ ਸਿੰਘ ਸੈਣੀ ਅਤੇ ਸੈਣੀ ਭਵਨ ਦੇ ਚੇਅਰਮੈਨ ਡਾ.ਅਜਮੇਰ ਸਿੰਘ ਤੰਬੜ ਨੇ ਨਿਭਾਈ। ਸੈਣੀ ਭਵਨ ਤੋਂ ਡਾ.ਜਸਵੰਤ ਕੌਰ ਸੈਣੀ ਨੇ ਕਹਾਣੀਆਂ ਦੇ ਵਿਸ਼ੇ ਤੇ ਸ਼ੈਲੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।



ਇਸ ਪੁਸਤਕ ਵਿੱਚ ਕੁੱਲ ਪੈਂਹਟ ਕਹਾਣੀਆਂ ਹਨ। ਇਸ ਦੀਆਂ ਕਹਾਣੀਆਂ ਤਿੜਕਦੇ ਪਰਿਵਾਰਿਕ ਰਿਸ਼ਤਿਆਂ, ਅਲੋਪ ਹੋ ਰਹੀਆਂ ਮਨੁੱਖੀ ਕਦਰਾਂ ਕੀਮਤਾਂ, ਸਮਾਜਿਕ ਬੁਰਾਈਆਂ, ਰਾਜਨੀਤਿਨ ਨਿਘਾਰ, ਆਰਥਿਕ ਤੰਗੀਆਂ, ਗਰੀਬ ਦੀ ਲੁੱਟ-ਖਸੁੱਟ, ਧਾਰਮਿਕ ਦਿਖਾਵਿਆਂ ਅਤੇ ਮਨੁੱਖੀ ਦਰਦ ਨਾਲ ਸਬੰਧਿਤ ਹਨ। ਖਾਸ ਗੱਲ ਇਹ ਹੈ ਕਿ ਇਨ੍ਹਾਂ ਕਹਾਣੀਆਂ ਦੇ ਵਿਸ਼ੇ ਕਾਲਪਨਿਕ ਨਾ ਹੋ ਕੇ ਬਹੁਤ ਹੀ ਸਜੀਵ ਹਨ। ਇਹ ਬੌਧਿਕ ਭਾਰ ਹੇਠ ਦੱਬੇ ਹੋਏ ਨਹੀਂ। ਇਹ ਆਧੁਨਿਕ ਅਸ਼ਲੀਲਤਾ ਦੇ ਨੇੜੇ-ਤੇੜੇ ਵੀ ਨਹੀਂ ਢੁਕਦੇ। ਲੇਖਕ ਇਨ੍ਹਾਂ ਵਿੱਚ ਆਪ ਮੌਜੂਦ ਦਿਸਦਾ ਹੈ। ਆਕਾਰ ਪੱਖੋਂ ਵੀ ਛੋਟੀਆਂ ਹੋਣ ਕਾਰਨ ਅਕਾਊ ਨਹੀਂ ਹਨ। ਦੋ ਕੁ ਘੰਟਿਆਂ ਵਿੱਚ ਹੀ ਸਾਰੀਆਂ ਕਹਾਣੀਆਂ ਪੜ੍ਹੀਆਂ ਜਾਂਦੀਆਂ ਹਨ। ਸ.ਚਰਨਜੀਤ ਸਿੰਘ ਕਤਰਾ ਨੂੰ ਅਦਾਰਾ 'ਸੈਣੀ ਸੰਸਾਰ' ਵਲੋਂ ਹਾਰਦਿਕ ਵਧਾਈ। ਚਰਨਜੀਤ ਸਿੰਘ ਦੀਆਂ ਕਵਿਤਾਵਾਂ ਅਤੇ ਕਹਾਣੀਆਂ ਅਕਸਰ ਮੈਗਜ਼ੀਨ 'ਸੈਣੀ ਸੰਸਾਰ' ਵਿੱਚ ਛਪਦੀਆਂ ਰਹਿੰਦੀਆਂ ਹਨ। ਇਸ ਪੁਸਤਕ ਵਿੱਚੋਂ ਇੱਕ ਮਿਨੀ ਕਹਾਣੀ, 'ਮੁਸਕਰਾ ਰਿਹਾ ਬੁੱਤ' ਇਸ ਵੇਰ ਦਿੱਤੀ ਜਾ ਰਹੀ ਹੈ।

ਸ਼ਹਿਰ ਦੇ ਬਾਹਰ ਬੱਤੀ ਵਾਲੇ ਚੌਂਕ ਵਿੱਚ ਇੱਕ ਨੇਤਾ ਜੀ ਦਾ ਬੁੱਤ ਸੀ। ਇੱਕ ਰਾਤ ਕਿਸੇ ਸ਼ਰਾਰਤੀ ਨੇ ਉਸ ਬੁੱਤ ਨੂੰ ਤੋੜ ਦਿੱਤਾ। ਸਵੇਰੇ ਸਵੇਰੇ ਹੀ ਸਾਰੇ ਸ਼ਹਿਰ ਵਿੱਚ ਰੌਲ਼ਾ ਪੈ ਗਿਆ, ਲੋਕਾਂ ਵਿੱਚ ਚੁਫੇਰੇ ਗੁੱਸਾ ਫੈਲ ਗਿਆ, ਉਹ ਸ਼ਹਿਰ ਬੰਦ ਕਰ ਚੌਂਕ 'ਚ ਇਕੱਠੇ ਹੋ ਗਏ। ਸਰਕਾਰ ਵਿਰੁੱਧ ਨਾਹਰੇਬਾਜ਼ੀ ਹੋਣ ਲੱਗੀ, ਸੜਕਾਂ ਜਾਮ ਹੋ ਗਈਆਂ।

ਸਥਿਤੀ ਬਿਗੜਨ ਤੋਂ ਪਹਿਲਾਂ ਹੀ ਵੱਡੇ ਅਫਸਰਾਂ ਨੇ ਪੁਲਿਸ ਤੇ ਸ਼ਹਿਰ ਦੇ ਮੁਖੀਆਂ ਦੀ ਮੀਟਿੰਗ ਸੱਦ ਲਈ। ਸਰਬਸੰਮਤੀ ਨਾਲ ਫੈਸਲਾ ਹੋ ਗਿਆ ਕਿ ਛੇਤੀ ਤੋਂ ਛੇਤੀ ਦੋਸ਼ੀਆਂ ਨੂੰ ਫੜ ਕੇ ਸਜ਼ਾ ਦਿੱਤੀ ਜਾਵੇਗੀ, ਬੁੱਤ ਨੂੰ ਜਲਦੀ ਠੀਕ ਕੀਤਾ ਜਾਵੇਗਾ, ਰਾਤ ਨੂੰ ਪੁਲਿਸ ਦੀ ਚੌਕਸੀ ਵਧਾਈ ਜਾਵੇਗੀ। ਮੁਖੀਆਂ ਨੇ ਲੋਕਾਂ ਨੂੰ ਫੈਸਲੇ ਦੱਸੀ ਤਾਂ ਉਹ ਆਪਣੇ ਘਰਾਂ ਨੂੰ ਚਲੇ ਗਏ।

ਕੁੱਝ ਹੀ ਦਿਨਾਂ ਵਿੱਚ ਬੁੱਤ ਠੀਕ ਕਰ ਦਿੱਤਾ ਗਿਆ, ਚੌਂਕ ਨੂੰ ਹੋਰ ਵੀ ਸੁੰਦਰ ਬਣਾ ਦਿੱਤਾ ਗਿਆ। ਲੋਕਾਂ ਨੇ ਕਿਸੇ ਨੂੰ ਨੀਂ ਪੁੱਛਿਆ ਕਿ ਦੋਸ਼ੀਆਂ ਦਾ ਕੀ ਬਣਿਆਂ, ਫੜੇ ਗਏ ਜਾਂ ਨਹੀਂ? ਬੱਸ ਨੇਤਾ ਜੀ ਦਾ ਮੁਸਕਰਾ ਰਿਹਾ ਬੁੱਤ ਦੇਖ ਕੇ ਖੁਸ਼ ਹੋ ਗਏ। ਉਹ ਸ਼ਹਿਰ ਦੀ ਜਿੱਤ ਸਮਝਣ ਲੱਗੇ।

ਕਈ ਦਿਨਾਂ ਬਾਅਦ ਉਸੇ ਚੌਂਕ ਵਿੱਚ ਲੁਟੇਰੇ ਇੱਕ ਮੁਸਾਫਰ ਨੂੰ ਘੇਰ ਕੇ ਬੁਰੀ ਤਰ੍ਹਾਂ ਜ਼ਖਮੀ ਕਰਕੇ, ਲੁੱਟ ਕੇ ਭੱਜ ਗਏ। ਉਹ ਵਿਚਾਰਾ ਸਾਰੀ ਰਾਤ ਜ਼ਖਮਾਂ ਨਾਲ ਤੜਫਦਾ ਪੂਰਾ ਹੋ ਗਿਆ। ਫੈਸਲਾ ਕੀਤਾ ਕਿ ਪੁਲਿਸ ਦੀ ਗਸ਼ਤ ਵਧਾਈ ਜਾਵੇਗੀ ਪਰ ਕਿਸੇ ਨੇ ਗੌਰ ਹੀ ਨਹੀਂ ਕੀਤਾ। ਜੇਕਰ ਵਕਤ ਸਿਰ ਵਿਚਾਰੇ ਨੂੰ ਸਹਾਇਤਾ ਮਿਲ ਜਾਂਦੀ ਤਾਂ ਸ਼ਾਇਦ ਬਚ ਹੀ ਜਾਂਦਾ।

ਸਵੇਰੇ ਸ਼ਹਿਰ 'ਚ ਕੋਈ ਚਰਚਾ ਨਹੀਂ ਹੋਈ। ਆਮ ਜਿਹੇ ਆਦਮੀ ਦੀ ਮੌਤ 'ਤੇ ਕਿਸੇ ਨੂੰ ਕੋਈ ਦੁੱਖ ਨਹੀਂ ਹੋਇਆ, ਕਿਸੇ ਨੂੰ ਗੁੱਸਾ ਨਹੀਂ ਆਇਆ, ਸਰਕਾਰ ਖਿਲਾਫ ਕੋਈ ਨਹੀਂ ਬੋਲਿਆ, ਕੋਈ ਇਕੱਠ ਨੀ ਹੋਇਆ। ਸਭ ਆਮ ਵਾਂਗ ਚੱਲਦਾ ਰਿਹਾ। ਪੁਲਿਸ ਲਾਸ਼ ਕੋਲ ਆ ਗਈ ਤੇ ਕਾਰਵਾਈ ਵਿੱਚ ਲੱਗੀ ਹੋਈ ਸੀ। ਲੋਕ ਆਉਂਦੇ, ਲਾਸ਼ ਵੱਲ ਦੇਖਦੇ ਤੇ ਅੱਗੇ ਤੁਰ ਜਾਂਦੇ। ਮੈਂ ਵੀ ਖੜ੍ਹ ਕੇ ਪਹਿਲਾਂ ਲਾਸ਼ ਵੱਲ ਵੇਖਿਆ ਤੇ ਫਿਰ ਬੁੱਤ ਨੂੰ ਧਿਆਨ ਨਾਲ ਵੇਖਿਆ ਜਿਸ ਦੇ ਟੁੱਟਣ ਕਾਰਨ ਕੁੱਝ ਦਿਨ ਪਹਿਲਾਂ ਐਨਾ ਰੌਲਾ ਪਿਆ ਸੀ। ਉਸ ਸਮੇਂ ਮੈਨੂੰ ਆਵਾਜ਼ ਸੁਣਨ ਲੱਗੀ, " ਉਠੋ ਲੋਕੋ, ਨੀਂਦ ਤੋਂ ਜਾਗੋ, ਚੁੱਪ ਰਹੋਗੇ, ਮਰਦੇ ਰਹੋਗੇ, ਇਕੱਲੇ ਇਕੱਲੇ ਲੜਦੇ ਰਹੋਗੇ? ਚੋਰ ਡਕੈਤਾਂ ਨੂੰ ਸੂਲੀ ਟੰਗੋ, ਜੀਣ ਦਾ ਹੱਕ ਉੱਠ ਕੇ ਮੰਗੋ"। ਇੱਕ ਬੁਲੰਦ ਆਵਾਜ਼ ਵਿੱਚ ਹੋਰ ਆਵਾਜ਼ਾਂ ਕੱਠੀਆਂ ਹੋ ਗਈਆਂ, ਸ਼ੋਰ ਮਚ ਗਿਆ।

ਮੈਨੂੰ ਜਾਪਿਆ ਜਿਵੇਂ ਨੇਤਾ ਨੇ ਲੋਕਾਂ ਨੂੰ ਜਗਾ ਦਿੱਤਾ ਹੋਵੇ। ਜਦੋਂ ਸੁਰਤ ਆਈ ਤਾਂ ਵੇਖਿਆ ਕਿ ਚੌਂਕ ਵਿੱਚ ਤਾਂ ਸਭ ਕੁੱਝ ਆਮ ਵਾਂਗ ਸੀ, ਲੋਕਾਂ ਦੀ ਕੋਈ ਆਵਾਜ਼ ਨਹੀਂ ਸੀ। ਇਹ ਤਾਂ ਮੇਰੇ ਅੰਦਰ ਦੀ ਦੱਬੀ ਹੋਈ ਆਵਾਜ਼ ਸੀ ਜੋ ਹਮੇਸ਼ਾਂ ਵਾਂਗ ਕੁੱਝ ਦੇਰ ਰੌਲਾ ਪਾ ਕੇ ਹੁਣ ਸ਼ਾਂਤ ਹੋ ਗਈ ਸੀ।

ਮੈਂ ਦੇਖਿਆ, ਨੇਤਾ ਜੀ ਦਾ ਬੁੱਤ ਮੁਸਕਰਾ ਰਿਹਾ ਸੀ ਸ਼ਾਇਦ ਮੇਰੇ ਸ਼ਾਂਤ ਹੋ ਜਾਣ ਕਰ ਕੇ।

ਮਨੁੱਖਤਾ ਦੇ ਚਾਨਣ ਮੁਨਾਰੇ

# ਅਦੁੱਤੀ ਸਮਾਜਸੇਵੀ - ਅਬਦੁਲ ਸਿਤਾਰ ਈਦੀ




**ਮਨਜੀਤ ਸਿੰਘ ਤੰਬੜ**
ਪੰਜੌੜ (ਹੁਸ਼ਿਆਰਪੁਰ)

ਸੰਸਾਰ ਵਿੱਚ ਅਣਗਿਣਤ ਮਨੁੱਖ ਆਉਂਦੇ ਹਨ, ਨਿਜੀ ਤੇ ਪਰਿਵਾਰਕ ਜ਼ਿੰਦਗੀ ਭੋਗਦੇ ਹਨ ਅਤੇ ਮੌਤ ਰਾਹੀਂ ਗੁੰਮਨਾਮ ਹੋ ਜਾਂਦੇ ਹਨ। ਬਹੁਤ ਘੱਟ ਹਨ ਜੋ ਕੇਵਲ ਮਨੁੱਖਤਾ ਦੇ ਦੁੱਖ ਦਰਦਾਂ ਲਈ ਜਿਉ ਕੇ ਅਮਰ ਹੋ ਜਾਂਦੇ ਹਨ।ਅਜਿਹਾ ਹੀ ਇੱਕ ਬਾਕਮਾਲ ਸਮਾਜ ਸੇਵੀ ਹੈ, ਪਾਕਿਸਤਾਨ ਦੇ ਸ਼ਹਿਰ ਕਰਾਚੀ ਦਾ ਰਹਿਣ ਵਾਲਾ ਅਬਦੁਲ ਸਿਤਾਰ ਈਦੀ।

ਈਦੀ ਦੇ ਪੂਰਵਜ਼ ਸਿੰਧੀ ਹਿੰਦੂ ਸਨ ਜੋ ਨਿੱਕੀ ਮੋਟੀ ਕਿਸਾਨੀ ਦਾ ਕੰਮ ਕਰਦੇ ਸਨ। ਤਿੰਨ ਸਦੀਆਂ ਪਹਿਲਾਂ ਉਹ ਮੁਸਲਮਾਨ ਹੋ ਗਏ ਅਤੇ ਗੁਜਰਾਤ ਦੇ ਕਾਠੀਆਵਾੜ ਇਲਾਕੇ ਵਿੱਚ ਵਸ ਕੇ ਵਪਾਰ ਕਰਨ ਲੱਗੇ। ਅਬਦੁਲ ਸਿਤਾਰ ਈਦੀ ਜੂਨਾਗੜ੍ਹ ਨੇੜੇ ਬੰਟਵਾ ਕਸਬੇ ਵਿੱਚ ਪਿਤਾ ਅਬਦੁਲ ਸ਼ਕੀਰ ਈਦੀ ਅਤੇ ਮਾਂ ਗਰਬਾ ਦੇ ਘਰ ਪੈਦਾ ਹੋਇਆ। ਮਾਂ ਦਿਆਲੂ ਸੀ। ਵਪਾਰਕ ਦੌਰੇ 'ਤੇ ਗਿਆ ਪਿਤਾ ਸੁੱਕੇ ਮੇਵਿਆਂ ਦੀਆਂ ਪੇਟੀਆਂ ਭੇਜਦਾ ਰਹਿੰਦਾ। ਮਾਂ ਇਨ੍ਹਾਂ ਦੇ ਨਿੱਕੇ ਨਿੱਕੇ ਪੈਕਟ ਬਣਾ ਕੇ ਈਦੀ ਨੂੰ ਗਰੀਬ ਬਸਤੀਆਂ ਵਿੱਚ ਵੰਡਣ ਲਈ ਫੜਾ ਦਿੰਦੀ। ਸਕੂਲ ਜਾਣ ਵੇਲੇ ਹਰ ਰੋਜ਼ ਦੋ ਪੈਸੇ ਦੇ ਕੇ ਮਾਂ ਆਖਦੀ, " ਇੱਕ ਪੈਸਾ ਤੇਰਾ ਹੈ, ਇੱਕ ਕਿਸੇ ਲੋੜਵੰਦ ਨੂੰ ਦੇ ਦੇਵੀਂ ਜੋ ਤੈਨੂੰ ਮੁਥਾਜ ਲੱਗੇ"।

ਪੜ੍ਹਾਈ ਵਿੱਚ ਚੰਗਾ ਨਾ ਨਿਕਲਿਆ। ਪੰਜ ਜਮਾਤਾਂ ਪਾਸ ਕਰ ਕੇ ਕੱਪੜੇ ਦੇ ਵਪਾਰੀ ਕੋਲ ਪੰਜ ਰੁਪਏ ਮਹੀਨੇ ਦੀ ਨੌਕਰੀ 'ਤੇ ਲੱਗ ਗਿਆ। ਦੇਸ਼ ਵੰਡ ਸਮੇਂ ਉਜੜ ਕੇ ਕਰਾਚੀ ਚਲੇ ਗਏ। ਈਦੀ ਨੇ ਪਹਿਲਾਂ ਨਿੱਕਸੁੱਕ ਰੇਹੜੀ 'ਤੇ ਵੇਚਿਆ ਤੇ ਫਿਰ ਪਾਨ ਦੀ ਛੋਟੀ ਜਿਹੀ ਦੁਕਾਨ ਖੋਲ੍ਹ ਲਈ। 1948 ਵਿੱਚ ਈਦੀ ਇੱਕ ਚੈਰੀਟੇਬਲ ਡਿਸਪੈਂਸਰੀ ਵਿੱਚ ਵਲੰਟੀਅਰ ਵਜੋਂ ਕੰਮ ਕਰਨ ਲੱਗਾ। 1951 ਵਿੱਚ ਬੱਚਤ ਕੀਤੀ 2300 ਰੁਪਏ ਦੀ ਰਾਸ਼ੀ ਨਾਲ ਡਿਸਪੈਂਸਰੀ ਖੋਲ੍ਹੀ। ਰਾਤ ਨੂੰ ਦੁਕਾਨ ਅੱਗੇ ਪੱਥਰ ਦੇ ਬੈਂਚ 'ਤੇ ਸੌਂ ਜਾਂਦਾ ਅਤੇ ਰਾਤ ਨੂੰ ਮਰੀਜ਼ ਆਉਂਦਾ ਤਾਂ ਉਸ ਨੂੰ ਫਸਟ-ਏਡ ਦੇ ਦਿੰਦਾ। 1956 ਵਿੱਚ ਉਹ ਵਿਦੇਸ਼ ਦੌਰੇ 'ਤੇ ਨਿਕਲ ਪਿਆ। ਰੇਲਵੇ ਸਟੇਸ਼ਨ 'ਤੇ ਸੌਂ ਜਾਂਦਾ, ਲੋਕ ਕੁੱਝ ਖਾਣ ਨੂੰ ਦਿੰਦੇ ਖਾ ਲੈਂਦਾ। ਵਾਪਿਸ ਆ ਕੇ ਦੁਕਾਨ ਦੇ ਉੱਪਰਲਾ ਕਮਰਾ ਕਿਰਾਏ ਤੇ ਲੈ ਕੇ ਜੱਚਾ-ਬੱਚਾ ਸਿਖਲਾਈ ਕੇਂਦਰ ਖੋਲ੍ਹ ਲਿਆ। ਇਲਾਕੇ ਵਿੱਚ ਹਾਂਗਕਾਂਗ ਫਲੂ ਨਾਮ ਦੀ ਬਿਮਾਰੀ ਉੱਠੀ, ਵੱਡੀ ਗਿਣਤੀ ਵਿੱਚ ਮੌਤਾਂ ਹੋਣ ਲੱਗੀਆਂ। ਈਦੀ ਨੇ ਸੇਵਾ ਸੰਭਾਲ ਲਈ। ਮਕਾਨ ਕਿਰਾਏ 'ਤੇ ਲੈ ਕੇ ਡਿਸਪੈਂਸਰੀ ਖੋਲ੍ਹ ਲਈ। ਦਾਨ ਨਾਲ ਪੁਰਾਣੀ ਐਕਸਰੇ ਮਸ਼ੀਨ ਖਰੀਦੀ, ਦੋ ਡਾਕਟਰ ਹੋਰ ਰੱਖ ਲਏ। ਉਸ ਨੇ ਫੁੱਟਪਾਥਾਂ ਅਤੇ ਸੀਵਰ ਪਾਈਪਾਂ 'ਤੇ ਪਏ ਗਰੀਬਾਂ ਨੂੰ ਛੱਤ ਹੇਠ ਲਿਆਂਦਾ। ਆਪ ਮਰੀਜ਼ਾਂ ਨੂੰ ਨਹਾਉਂਦਾ, ਖੂਹਾਂ ਵਿੱਚ ਬਦਬੂ ਮਾਰਦੀਆਂ ਤੇ ਸਮੁੰਦਰ ਵਿੱਚ ਤੈਰਦੀਆਂ ਗਲੀਆਂ ਸੜੀਆਂ ਲਾਵਾਰਸ ਲਾਸ਼ਾਂ ਨੂੰ ਕੱਢ ਕੇ ਸਸਕਾਰ ਕਰਦਾ। ਈਦੀ ਨੂੰ ਮਾਂ ਦੇ ਬੋਲੇ ਸ਼ਬਦ ਹਰ ਸਮੇਂ ਯਾਦ ਰਹਿੰਦੇ, " ਜਿੰਨਾ ਪਿਆਰ ਮੈਂ ਤੈਨੂੰ ਕੀਤਾ, ਉਨਾਂ ਪਿਆਰ ਕਰੀਂ ਮਨੁੱਖਾਂ ਨੂੰ"।

ਦੇਸ਼ ਵਿੱਚ ਪਸਰੇ ਭ੍ਰਿਸ਼ਟਾਚਾਰ ਅਤੇ ਹਨੇਰ ਗਰਦੀ ਨੇ ਈਦੀ ਨੂੰ ਪ੍ਰੇਸ਼ਾਨ ਕਰ ਦਿੱਤਾ। ਇਸ ਵਿਰੁੱਧ ਲੜਨ ਲਈ ਉਸ ਨੇ 1962 ਵਿੱਚ ਪਾਰਲੀਮੈਂਟ ਚੋਣ ਲਈ ਕਾਗਜ਼ ਭਰ ਦਿੱਤੇ। ਉਸ ਵਿਰੁੱਧ ਬੜਾ ਕੂੜ ਪ੍ਰਚਾਰ ਹੋਇਆ, ਧਮਕੀਆਂ ਮਿਲੀਆਂ, ਗਬਨ ਦੀਆਂ ਝੂਠੀਆਂ ਖਬਰਾਂ ਅਖਬਾਰਾਂ ਵਿੱਚ ਛਪੀਆਂ। ਉਸ ਨੂੰ ਨਾਸਤਿਕ, ਚੋਰ, ਵਿਭਚਾਰੀ, ਅਨਪੜ੍ਹ ਤੇ ਮੂਰਖ ਦੇ ਖਿਤਾਬ ਮਿਲੇ। ਨਾ ਉਸ ਦੀ ਕੋਈ ਪਾਰਟੀ, ਨਾ ਪ੍ਰਚਾਰ ਪਰ ਉਹ ਰਿਕਾਰਡ ਤੋੜ ਵੋਟਾਂ ਲੈ ਕੇ ਜਿੱਤ ਗਿਆ। ਈਦੀ ਨੇ ਵਿਧਵਾਵਾਂ ਤੇ ਤਲਾਕਸ਼ੁਦਾ ਔਰਤਾਂ ਨੂੰ ਆਪਣੇ ਨਾਲ ਵਿਆਹ ਦੀ ਤਜ਼ਵੀਜ਼ ਭੇਜੀ, " ਸੀਮੈਂਟ ਦਾ ਬੈਂਚ ਉਸ ਦਾ ਹਨੀਮੂਨ ਬੈਡ ਹੋਵੇਗਾ, ਮੁਰਦੇ ਜੰਝ ਚੜ੍ਹਨਗੇ ਆਦਿ"। ਕੋਈ ਤਿਆਰ ਨਾ ਹੋਈ। ਉਸ ਨੇ ਆਪਣੇ ਨਰਸਿੰਗ ਹੋਮ ਵਿੱਚ ਕੰਮ ਕਰਦੀ ਉਂਨੀ ਸਾਲ ਦੀ ਵਿਧਵਾ ਬਿਲਕੀਸ ਨਾਲ ਨਿਕਾਹ ਕਰਵਾਇਆ। ਨਾ ਕੋਈ ਬਾਰਾਤ, ਨਾ ਕੋਈ ਇਕੱਠ, ਨਾ ਕੋਈ ਦਿਖਾਵਾ। ਈਦੀ ਦੇ ਦੋਖੀਆਂ ਨੇ ਬਿਲਕੀਸ ਨੂੰ ਸੁਨੇਹਾ ਭੇਜਿਆ, " ਜੇ ਤੂੰ ਬਿਆਨ ਦੇ ਦੇਵੇਂ ਕਿ ਈਦੀ ਨੇ ਤੈਨੂੰ ਛੇੜਿਆ ਤੇ ਬਲੈਕਮੇਲ ਕੀਤਾ ਹੈ ਤਾਂ ਪੱਚੀ ਹਜ਼ਾਰ ਰੁਪਏ ਦੇਵਾਂਗੇ"। ਬਿਲੀਕਸ ਦੀਆਂ ਸਹੇਲੀਆਂ ਉਸ ਨੂੰ ਛੇੜਦੀਆਂ, " ਬਿਲੀਕਸ! ਲਾਸ਼ਾਂ ਨੂੰ ਨੁਹਾ ਦਿੱਤਾ, ਪਾਗਲਾਂ ਦੇ ਵਾਲਾਂ ਵਿੱਚੋਂ ਜੂਆਂ ਕੱਢ ਦਿੱਤੀਆਂ, ਕਬਰਸਤਾਨ ਦੀ ਸੈਰ ਕਰ ਲਈ?" ਬਿਲੀਕਸ ਹੱਸ ਛੱਡਦੀ।



ਇੱਕ ਮਿਹਨਤੀ ਗਰੀਬ ਵਿਦਿਆਰਥੀ ਕੈਂਸਰ ਦੀ ਆਖਰੀ ਸਟੇਜ ਵਿੱਚ ਸੀ। ਇਲਾਜ ਲਈ ਪੈਸਿਆਂ ਦੀ ਜ਼ਰੂਰਤ ਸੀ। ਇਦੀ ਠੂਠਾ ਲੈ ਕੇ ਕਰਾਚੀ ਦੇ ਚੌਂਕ ਵਿੱਚ ਬੈਠ ਗਿਆ। ਤਿੰਨ ਦਿਨਾਂ ਵਿੱਚ ਢਾਈ ਲੱਖ ਰੁਪਏ ਇਕੱਠੇ ਹੋ ਗਏ। ਜ਼ਿਆ-ਉਲ-ਹੱਕ ਨੇ ਈਦੀ ਨੂੰ ਮਾਣ-ਪੱਤਰ ਅਤੇ ਪੰਜ ਲੱਖ ਰੁਪਏ ਭੇਜੇ। ਮਾਣ-ਪੱਤਰ ਰੱਖ ਲਿਆ ਪਰ ਪੈਸੇ ਵਾਪਸ ਕਰ ਦਿੱਤੇ, " ਮਾਣ ਲਈ ਸ਼ੁਕਰਾਨਾ, ਸਰਕਾਰ ਤੋਂ

ਪੈਸੇ ਨਹੀਂ ਲੈਂਦਾ। ਲੋਕਾਂ ਅੱਗੇ ਝੋਲੀ ਅੱਡਾਂਗਾ"। ਈਦੀ ਨੂੰ ਸਮਾਜ ਭਲਾਈ ਮੰਤਰੀ ਬਣਾ ਕੇ ਹੈਲੀਕਾਪਟਰ ਦੀ ਸਹੂਲਤ ਦੇਣੀ ਚਾਹੀ ਪਰ ਉਸ ਨੇ ਇਨਕਾਰ ਕਰ ਦਿੱਤਾ। ਈਦੀ ਨੇ ਨਰਸਿੰਗ ਹੋਮ ਦੇ ਬਾਹਰ ਨਾਜਾਇਜ਼ ਬੱਚਿਆਂ ਲਈ ਪੰਘੂੜੇ ਲਟਕਾ ਦਿੱਤੇ। ਮੌਲਵੀਆਂ ਨੇ ਕਿਹਾ, "ਈਦੀ ਕਾਫਰ ਹੈ। ਉਸ ਨੂੰ ਦਾਨ ਦੇਣਾ ਕੁਫਰ ਹੈ"। ਪਾਰਲੀਮੈਂਟ ਸੈਸ਼ਨ ਸ਼ੁਰੂ ਹੋਇਆ। ਈਦੀ ਪੁਰਾਣਾ ਕੁੜਤਾ ਪਜਾਮਾ, ਰਬੜ ਦੇ ਸਲੀਪਰ, ਮੋਢੇ ਬੋਰੀ ਵਾਲਾ ਝੋਲਾ ਪਾ ਕੇ ਅੰਦਰ ਦਾਖਲ ਹੋਇਆ। ਸਾਰੇ ਮੰਤਰੀਆਂ ਨੇ ਜ਼ਿਆ ਦੀ ਖੁਸ਼ਾਮਦੀ ਕਰਦਿਆਂ ਲੱਛੇਦਾਰ ਭਾਸ਼ਣ ਦਿੱਤੇ। ਈਦੀ ਨੇ ਸਮਾਂ ਮੰਗ ਕੇ ਬੀਮਾਰੀਆਂ ਨਾਲ ਪੀੜਿਤ ਪਾਕਿਸਤਾਨੀ ਲੋਕਾਂ ਦੀ ਮਦਦ ਕਰਨ ਦੇ ਸੁਝਾ ਦਿੱਤੇ। ਉਸ ਨੇ ਸ਼ਰੇਆਮ ਐਲਾਨ ਕੀਤਾ ਕਿ ਜਦੋਂ ਜ਼ਿਆ-ਉਲ-ਹੱਕ ਤੇ ਉਸ ਦੀ ਸਰਕਾਰ ਨੂੰ ਪਤਾ ਹੀ ਨਹੀਂ ਕਿ ਇਸਲਾਮ ਕੀ ਹੈ ਫਿਰ ਉਹ ਇਸਲਾਮੀ ਕਾਨੂੰਨ ਕਿਵੇਂ ਲਾਗੂ ਕਰੇਗੀ? ਜਦੋਂ ਕੋਈ ਸ਼ਾਹੂਕਾਰ ਨਵੀਂ ਮਰਸੀਡੀਜ਼ ਬੈਂਜ਼ ਕਾਰ ਵਿੱਚ ਸ਼ਾਨ ਨਾਲ ਨਿਕਲਦਾ ਹੈ ਤਾਂ ਭੁੱਖੇ ਦੇ ਹੱਥ ਵਿੱਚ ਬੰਬ ਆ ਜਾਂਦਾ ਹੈ"। ਅੰਤਰ-ਰਾਸ਼ਟਰੀ ਪ੍ਰੈਸ ਨੇ ਕਿਹਾ- ਮੰਗਤਿਆਂ ਦੇ ਇਜਲਾਸ ਵਿੱਚ ਕੇਵਲ ਇੱਕ ਦਾਤਾ ਦੇਖਿਆ-ਈਦੀ।

1982 ਵਿੱਚ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਨੇ ਪਾਕਿਸਤਾਨ ਆਉਣਾ ਸੀ। ਈਦੀ ਨੂੰ ਸੱਦਾ ਆਇਆ। ਉਹ ਚੱਲ ਪਿਆ। ਇੱਕ ਅਫਸਰ ਨੇ ਕਿਹਾ, " ਇਹੋ ਜਿਹੇ ਮੌਕਿਆਂ 'ਤੇ ਖਾਸ ਲਿਬਾਸ ਪਾਉਣਾ ਹੁੰਦੈ। ਜਾਂ ਤੁਹਾਨੂੰ ਕੱਪੜੇ ਬਦਲਣੇ ਪੈਣਗੇ ਜਾਂ ਤੁਹਾਨੂੰ ਇੱਥੋਂ ਜਾਣ ਪਏਗਾ"। ਈਦੀ ਨਹੀਂ ਮੰਨਿਆਂ। ਉਸ ਨੇ ਸਰਕਾਰ ਨੂੰ ਲਿਖਿਆ, " ਭਵਿੱਖ ਵਿੱਚ ਮੈਨੂੰ ਕਿਸੇ ਸਰਕਾਰੀ ਸਮਾਰੋਹ ਵਿੱਚ ਨਾ ਬੁਲਾਇਆ ਜਾਵੇ,...ਜਿਹੜੇ ਲੁੱਟਦੇ ਖਾਂਦੇ ਹਨ, ਉਹ ਹੀ ਬੁਲਾਇਆ ਕਰੋ"। 1983 ਵਿੱਚ ਤਾਨਾਸ਼ਾਹੀ ਵਿਰੁੱਧ ਲੋਕ ਰੋਹ ਉਠਣ ਲੱਗਾ। ਈਦੀ 'ਤੇ ਇਲਜ਼ਾਮ ਲੱਗੇ ਕਿ ਉਹ ਲਾਸ਼ਾਂ ਢੋਣ ਦੇ ਬਹਾਨੇ ਹਥਿਆਰ ਸਪਲਾਈ ਕਰਦਾ ਹੈ। ਈਦੀ ਨੇ ਜਬਾਵ ਦਿੱਤਾ, " ਤੁਹਾਡੇ ਬੰਗਲੇ,ਕਾਰਾਂ ਤੇ ਬੈਂਕ ਖਾਤੇ ਤੁਹਾਡੇ ਜ਼ੁਰਮਾਂ ਦਾ ਸਬੂਤ ਹੈ"। ਈਦੀ ਨੂੰ ਪਤਾ ਲਗਦਾ ਕਿ ਫਲਾਣੀ ਥਾਂ ਪੁਲਿਸ ਅਤੇ ਡਾਕੂਆਂ ਵਿਚਕਾਰ ਗੋਲੀਬਾਰੀ ਹੋ ਰਹੀ ਹੈ ਉਹ ਤੁਰੰਤ ਉੱਥੇ ਪਹੁੰਚ ਜਾਂਦਾ। ਗੋਲੀਬਾਰੀ ਬੰਦ ਹੋ ਜਾਂਦੀ। ਡਾਕੂਆਂ ਦੇ ਇਲਾਕੇ ਵਿੱਚ ਈਦੀ ਦੀ ਗੱਡੀ ਜਾਂਦੀ ਤਾਂ ਉਨ੍ਹਾਂ ਦੀ ਚੈਕ ਪੋਸਟ 'ਤੇ ਆਵਾਜ਼ ਆਉਂਦੀ- ਈਦੀ ਬਾਬਾ ਹੈ। ਜਾਣ ਦਿਓ।

1985 ਵਿੱਚ ਪਾਕਿਸਤਾਨ ਸਰਕਾਰ ਨੇ ਈਦੀ ਨੂੰ 'ਨਿਸ਼ਾਨੇ ਇਤਿਆਜ਼' ਦਾ ਸਨਮਾਨ ਦਿੱਤਾ। 1986 ਵਿੱਚ ਫਿਲਪੀਨ ਸਰਕਾਰ ਨੇ ਮੈਗਸਾਸੇ ਸਨਮਾਨ ਦੇਣ ਲਈ ਮੀਆਂ ਬੀਵੀ ਨੂੰ ਆਪਣੇ ਦੇਸ਼ ਬੁਲਾਇਆ। ਉਨ੍ਹਾਂ ਦੇ ਰਹਿਣ ਲਈ ਪੰਜ ਤਾਰਾ ਹੋਟਲ ਵਿੱਚ ਇੰਤਜ਼ਾਮ ਕੀਤਾ। ਬੀਵੀ ਤਾਂ ਸ਼ਾਹੀ ਗੱਦੇ 'ਤੇ ਪਰ ਈਦੀ ਕਮਰੇ ਦੇ ਫਰਸ਼ 'ਤੇ ਹੀ ਸੌਂ ਗਿਆ। ਰਾਸ਼ਟਰਪਤੀ ਨੇ ਸਨਮਾਨ-ਚਿੰਨ੍ਹ, ਸੋਨੇ ਦਾ ਤਮਗਾ ਤੇ ਵੀਹ ਹਜ਼ਾਰ ਡਾਲਰ ਦਾ ਚੈੱਕ ਭੇਂਟ ਕੀਤਾ। ਅਗਲੀ ਸ਼ਾਮ ਪ੍ਰਧਾਨ ਮੰਤਰੀ ਨੇ ਭੋਜਨ ਦਾ ਸੱਦਾ ਦਿੱਤਾ। ਵਾਪਸੀ 'ਤੇ ਥਾਈਲੈਂਡ ਦੇ ਬਾਦਸ਼ਾਹ ਨੇ ਦਾਅਵਤ ਦਿੱਤੀ। ਅਰਮੀਨੀਆਂ ਵਿੱਚ ਭੂਚਾਲ ਦੌਰਾਨ ਈਦੀ ਫਾਊਂਡੇਸ਼ਨ ਵਲੋਂ ਨਿਭਾਈ ਭੂਮਿਕਾ ਕਾਰਨ ਸੋਵੀਅਤ ਦੇਸ਼ ਨੇ ਸ਼ਾਂਤੀ ਪੁਰਸਕਾਰ ਦਿੱਤਾ। ਈਦੀ 'ਤੇ ਗੈਰਮੁਸਲਮਾਨਾਂ ਦੀ ਤਰਫਦਾਰੀ ਕਰਨ ਅਤੇ ਬਦਚਲਨ ਔਰਤਾਂ ਨੂੰ ਸ਼ਹਿ ਦੇਣ ਦੇ ਇਲਜ਼ਾਮ ਲੱਗੇ ਤਾਂ ਉਸ ਦਾ ਜਵਾਬ ਸੀ, " ਇੱਕ ਮੁਸਲਮਾਨ ਹੋਣ ਦੇ ਨਾਤੇ ਮੈਨੂੰ ਮਾਣ ਹੈ ਕਿ ਮੈਂ ਗੈਰਮੁਸਲਮਾਨਾਂ ਨੂੰ ਵੀ ਉਨ੍ਹਾਂ ਹੀ ਪਿਆਰ ਕਰਦਾ ਹਾਂ ਜਿੰਨਾਂ ਮੁਸਲਮਾਨਾਂ ਨੂੰ। ਅੱਯਾਸ਼ ਲੋਕਾਂ ਕੋਲ ਕਈ ਕਈ ਰੱਬ ਹੋਣਗੇ, ਦੁਰਕਾਰਿਆਂ ਹੋਇਆਂ ਦਾ ਰੱਬ ਇੱਕ ਹੈ"।

ਈਦੀ ਨੇ ਮਾਨਵਤਾ ਦੀ ਭਲਾਈ ਦੇ ਕਾਰਜਾਂ ਲਈ ਈਦੀ ਫਾਊਂਡੇਸ਼ਨ ਸਥਾਪਿਤ ਕੀਤੀ ਜਿਸ ਪਾਸ ਹੁਣ 1800 ਐਂਬੂਲੇਂਸਾਂ, ਪੰਜ ਜਹਾਜ਼, ਪੰਜ ਹੈਲੀਕਾਪਟਰ ਤੇ 28 ਬਚਾਓ ਕਿਸ਼ਤੀਆਂ ਹਨ। ਇਨ੍ਹਾਂ ਜਹਾਜ਼ਾਂ ਦੇ ਪਾਇਲਟਾਂ ਨੂੰ ਫੌਜ ਨੇ ਸਿਖਲਾਈ ਦੇਣੀ ਮੰਨ ਲਈ ਹੈ। ਕਈ ਤੇਲ ਕੰਪਨੀਆਂ ਨੇ ਮੁਫਤ ਤੇਲ ਦੇਣ ਦੀ ਪੇਸ਼ਕਸ਼ ਕੀਤੀ ਹੈ। ਸ਼ਹਿਰੀ ਹਵਾਬਾਜ਼ੀ ਮਹਿਕਮੇ ਨੇ ਜਹਾਜ਼ਾਂ ਦੇ ਸਾਰੇ ਟੈਕਸ ਮਾਫ ਕਰ ਦਿੱਤੇ ਹਨ।ਕੋਈ ਇੱਕ ਕਰੋੜ ਲੋਕ ਇਸ ਸੰਸਥਾ ਤੋਂ ਰਾਹਤ ਹਾਸਲ ਕਰ ਚੁੱਕੇ ਹਨ। ਤੀਹ ਲੱਖ ਬੱਚਿਆਂ ਨੂੰ ਮੁੜ ਵਸਾਇਆ ਗਿਆ ਹੈ। ਅੱਸੀ ਹਜ਼ਾਰ ਮਨੋਰੋਗੀਆਂ ਅਤੇ ਨਸ਼ੇੜੀਆਂ ਦਾ ਇਲਾਜ ਮੁਫਤ ਕਰ ਕੇ ਘਰ ਭੇਜਿਆ ਗਿਆ ਹੈ। ਦਸ ਲੱਖ ਬੱਚੇ ਇਸ ਸੰਸਥਾ ਦੀਆਂ ਸਿੱਖਿਅਤ ਦਾਈਆਂ ਦੀ ਸਹਾਇਤਾ ਨਾਲ ਈਦੀ ਮੈਟਰਨਿਟੀ ਕੇਂਦਰਾਂ ਵਿੱਚ ਪੈਦਾ ਹੋਏ। ਵੀਹ ਹਜ਼ਾਰ ਕੁੜੀਆਂ ਦਾਈਆਂ ਦਾ ਕੰਮ ਸਿੱਖ ਕੇ ਪਿੰਡਾਂ ਵਿੱਚ ਰੋਜ਼ੀ ਕਮਾਉਣ ਲੱਗੀਆਂ। ਦੋ ਲੱਖ ਲਾਵਾਰਿਸ ਲਾਸ਼ਾਂ ਦਫਨ ਕੀਤੀਆਂ। ਅਮਰੀਕਾ ਨੇ 911 ਐਮਰਜੈਂਸੀ ਲਾਈਨਾਂ ਵਾਲੀ ਟੈਲੀਫੋਨ ਐਕਸਚੇਂਜ ਦਿੱਤੀ ਹੈ। ਅਬਦੁਲ ਸਿਤਾਰ ਈਦੀ ਸੇਵਾ ਦਾ ਜਗਮਗਾਉਂਦਾ ਚਿਰਾਗ ਹੈ।( ਹਰਪਾਲ ਸਿੰਘ ਪੰਨੂ ਦੀ ਪੁਸਤਕ ' ਈਦੀ-ਸੇਵਾ ਦਾ ਚਿਰਗ' ਵਿੱਚੋਂ)

❋ ❋ ❋ ❋ ❋

ਸੈਣੀ ਸੰਸਾਰ ਮੈਗਜ਼ੀਨ ਵਿੱਚ ਸਮਾਜ ਨੂੰ ਸਾਰਥਕ ਸੇਧ ਦੇਣ ਲਈ ਗਿਆਨਭਰਪੂਰ ਰੌਚਿਕ ਸਾਹਿਤਕ ਰਚਨਾਵਾਂ ਛਾਪੀਆਂ ਜਾਂਦੀਆਂ ਹਨ। ਇਸ ਲਈ ਬਰਾਦਰੀ ਦੇ ਲੇਖਕਾਂ ਨੂੰ ਆਪਣੀਆਂ ਰਚਨਾਵਾਂ ਮਾਰਚ, ਜੂਨ, ਸਤੰਬਰ ਅਤੇ ਦਸੰਬਰ ਦੀ 15 ਤਾਰੀਖ ਤੱਕ ਸੈਣੀ ਭਵਨ ਰੂਪਨਗਰ ਨੂੰ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪੰਜਾਬ ਵਿੱਚ ਸੈਣੀ ਬਰਾਦਰੀ ਦੇ ਨਵੇਂ ਚੁਣੇ ਸਰਪੰਚ

(ਮੈਗਜ਼ੀਨ 'ਸੈਣੀ ਸੰਸਾਰ' ਅੰਕ 32 ਦੇ ਪੰਨਾ 30 'ਤੇ ਨਾਵਾਂ ਤੋਂ ਅੱਗੇ)

| | |
|---|---|
| ਸ. ਦਿਆਲ ਸਿੰਘ | ਜਟਾਣਾ (ਰੋਪੜ) |
| ਸ. ਚਰਨਜੀਤ ਸਿੰਘ | ਮਿਆਣੀ (ਰੋਪੜ) |
| ਸ. ਭੁਪਿੰਦਰ ਸਿੰਘ | ਚਨੌਲੀ (ਰੋਪੜ) |
| ਸ. ਜਸਵੀਰ ਸਿੰਘ | ਪਪਰਾਲਾ (ਰੋਪੜ) |
| ਸ਼੍ਰੀਮਤੀ ਮਨਿੰਦਰ ਕੌਰ | ਸਿੰਘਪੁਰਾ (ਰੋਪੜ) |
| ਸ. ਮਨਜੀਤ ਸਿੰਘ ਗੋਲਡੀ | ਰੰਗੀਲ ਪੁਰ (ਰੋਪੜ) |
| ਸ. ਜਸਵਿੰਦਰ ਸਿੰਘ | ਗੁੰਨੋ ਮਾਜਰਾ (ਰੋਪੜ) |
| ਸ. ਰਣਜੀਤ ਸਿੰਘ ਰਾਣਾ | ਪੜ੍ਹੀ (ਰੋਪੜ) |
| ਸ. ਰਣਜੀਤ ਸਿੰਘ | ਮੁਕਾਰੀ (ਰੋਪੜ) |
| ਸ. ਜਗਤਾਰ ਸਿੰਘ | ਖੇੜੀ (ਰੋਪੜ) |
| ਸ. ਦਰਸ਼ਨ ਸਿੰਘ | ਛੱਜਾ (ਰੋਪੜ) |
| ਸ਼੍ਰੀਮਤੀ ਅਮਰਜੀਤ ਕੌਰ | ਲਾਲਪੁਰ (ਰੋਪੜ) |
| ਸ. ਗੁਰਮੇਲ ਸਿੰਘ | ਕੋਟਲਾ ਟੱਪਰੀਆਂ (ਰੋਪੜ) |
| ਸ. ਮਾਨ ਸਿੰਘ | ਗੋਬਿੰਦਪੁਰਾ (ਰੋਪੜ) |
| ਸ਼੍ਰੀ ਕਮਲ ਕ੍ਰਿਸ਼ਨ | ਅਟਾਰੀ (ਰੋਪੜ) |
| ਸ਼੍ਰੀਮਤੀ ਸ਼ਾਂਤੀ ਦੇਵੀ | ਗਰਦਲੇ (ਰੋਪੜ) |
| ਸ. ਰਘੁਬੀਰ ਸਿੰਘ | ਆਸਪੁਰ (ਰੋਪੜ) |
| ਸ. ਦਿਲਬਾਗ ਸਿੰਘ | ਮੀਆਂ ਪੁਰ ਚੰਗਰ (ਰੋਪੜ) |
| ਸ਼੍ਰੀਮਤੀ ਪਰਮਜੀਤ ਕੌਰ | ਖੈਰਾਬਾਦ (ਰੋਪੜ) |
| ਸ਼੍ਰੀਮਤੀ ਕਮਲਜੀਤ ਕੌਰ | ਡੇਕ ਵਾਲਾ (ਰੋਪੜ) |
| ਸ਼੍ਰੀ ਰਵਿੰਦਰ | ਗੱਦੀ ਵਾਲ (ਰੋਪੜ) |
| ਸ. ਗੁਰਬਖਸ਼ ਸਿੰਘ | ਮਵਾ (ਰੋਪੜ) |
| ਸ. ਅਮਨਦੀਪ ਸਿੰਘ | ਨੰਗਲ (ਰੋਪੜ) |
| ਸ਼੍ਰੀਮਤੀ ਮਨਜੀਤ ਕੌਰ | ਸਸਕੌਰ (ਰੋਪੜ) |
| ਸ਼੍ਰੀਮਤੀ ਜਸਮੀਤ ਕੌਰ | ਟੱਪਰੀਆਂ (ਰੋਪੜ) |
| ਸ. ਚਰਨਜੀਤ ਸਿੰਘ | ਢੱਕੀ ਸੈਣੀ ਮਾਜਰਾ (ਰੋਪੜ) |
| ਸ. ਸਰਵਣ ਸਿੰਘ | ਬਿੱਕੋਂ (ਰੋਪੜ) |
| ਸ. ਹਰਮਿੰਦਰ ਸਿੰਘ | ਖਾਨਪੁਰ (ਰੋਪੜ) |
| ਸ਼੍ਰੀਮਤੀ ਹਰਮਿੰਦਰ ਕੌਰ | ਮਿਰਜਾਪੁਰ (ਹੁਸ਼ਿਆਰਪੁਰ) |
| ਸ਼੍ਰੀਮਤੀ ਬਲਜੀਤ ਕੌਰ | ਫਤਿਹਪੁਰ(ਹੁਸ਼ਿਆਰਪੁਰ) |
| ਸ਼੍ਰੀਮਤੀ ਜਸਵਿੰਦਰ ਕੌਰ | ਉੱਚਾ ਲਧਾਣਾ (ਨਵਾਂਸ਼ਹਿਰ) |
| ਸ. ਨਿਰਮਲਜੀਤ ਸਿੰਘ | ਝਿੱਕਾ (ਨਵਾਂਸ਼ਹਿਰ) |
| ਸ. ਗੁਰਦੇਵ ਸਿੰਘ ਪਾਬਲਾ | ਲੰਗੜੋਆ (ਨਵਾਂਸ਼ਹਿਰ) |
| ਸ਼੍ਰੀਮਤੀ ਨਰਿੰਦਰ ਕੌਰ | ਬਰਨਾਲਾ ਕਲਾਂ(ਨਵਾਂਸ਼ਹਿਰ) |
| ਸ. ਸੁਰਿੰਦਰ ਸਿੰਘ | ਉੜਾਪੜ (ਨਵਾਂਸ਼ਹਿਰ) |
| ਸ. ਕੇਸਰ ਸਿੰਘ | ਅਟਾਰੀ (ਨਵਾਂਸ਼ਹਿਰ) |
| ਸ. ਪ੍ਰਿਤਪਾਲ ਸਿੰਘ | ਭਾਰਟਾ (ਨਵਾਂਸ਼ਹਿਰ) |
| ਸ. ਗੁਰਦੇਵ ਸਿੰਘ | ਸ਼ੇਖੂਪੁਰ ਬਾਗ (ਨਵਾਂਸ਼ਹਿਰ |
| ਸ. ਤਰਨਜੀਤ ਸਿੰਘ | ਸੁੱਜੋਂ (ਨਵਾਂਸ਼ਹਿਰ) |

ਬਾਕੀ ਸਫਾ 15 'ਤੇ.....

## ਕੈਨੇਡਾ ਦਾ ਭਾਵੀ ਸਿੱਖ ਪ੍ਰਧਾਨ ਮੰਤਰੀ

ਕੈਨੇਡਾ ਵਿੱਚ ਪਾਰਲੀਮੈਂਟ ਦੀ ਜ਼ਿਮਨੀ ਚੋਣ ਜਿੱਤ ਕੇ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਪ੍ਰਧਾਨ, ਸ. ਜਗਮੀਤ ਸਿੰਘ ( ਜਿੰਮੀ) ਧਾਲੀਵਾਲ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਿਲ ਹੋ ਗਿਆ ਹੈ। ਕਿਸੇ ਵਿਦੇਸ਼ੀ ਧਰਤੀ 'ਤੇ ਇਹ ਮਾਣ ਹਾਸਲ ਕਰਨ ਵਾਲਾ ਉਹ ਪਹਿਲਾ ਕੇਸਾਧਾਰੀ ਪੰਜਾਬੀ ਸਿੱਖ ਹੈ। ਉਸ ਨੇ ਕਰੀਬ 40% ਵੋਟਾਂ ਲੈ ਕੇ ਬਰਨਬੀ ਦੱਖਣੀ ਹਲਕੇ ਤੋਂ ਸੱਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰ ਰਿਚਰਡ ਲੀਅ ਨੂੰ ਹਰਾ ਕੇ ਇਹ ਵਕਾਰੀ ਸੀਟ ਜਿੱਤੀ ਹੈ। ਉਸ ਦੀ ਇਹ ਜਿੱਤ ਚਮਤਕਾਰੀ ਸਖਸ਼ੀਅਤ ਅਤੇ ਰਾਜਨੀਤਿਕ ਇੱਛਾ-ਸ਼ਕਤੀ ਦਾ ਪ੍ਰਣਾਮ ਹੈ।



ਜਗਮੀਤ ਸਿੰਘ ਨੂੰ ਰਾਜਨੀਤੀ ਅਤੇ ਸੰਘਰਸ਼ ਵਿਰਸੇ ਵਿੱਚੋਂ ਮਿਲੇ ਹਨ। ਉਹ ਦੇਸ਼ਭਗਤ ਅੰਦੋਲਨਕਾਰੀ ਸ.ਸੇਵਾ ਸਿੰਘ ਠੀਕਰੀਵਾਲ ਦਾ ਪੜਪੋਤਾ ਹੈ ਜਿਸ ਨੇ 'ਰਿਆਸਤ ਪਰਜਾ ਮੰਡਲ' ਪਾਰਟੀ ਬਣਾ ਕੇ ਕਿਸਾਨਾਂ ਦੀ ਲੁੱਟ ਰੋਕਣ ਲਈ ਅੰਗ੍ਰੇਜ਼ਾਂ ਅਤੇ ਮਹਾਰਾਜਾ ਪਟਿਆਲਾ ਵਿਰੁੱਧ ਪਰਜਾ ਮੰਡਲ ਲਹਿਰ ਚਲਾਈ ਸੀ। ਉਸ ਦਾ ਜਨਮ 2 ਜਨਵਰੀ 1979 ਨੂੰ ਐਨਟੋਰੀਓ (ਕੈਨੇਡਾ) ਵਿਖੇ ਬਰਨਾਲਾ ਜ਼ਿਲ੍ਹੇ ਦੇ ਪਿੰਡ ਠੀਕਰੀਵਾਲ ਦੇ ਪਿਛੋਕੜ ਵਾਲੇ ਪਰਿਵਾਰ ਵਿੱਚ ਸ.ਜਗਤਰਨ ਸਿੰਘ ਅਤੇ ਸ਼੍ਰੀਮਤੀ ਹਰਮੀਤ ਕੌਰ ਦੇ ਘਰ ਹੋਇਆ। ਬਚਪਨ ਵਿੱਚ ਇੱਕ ਸਾਲ ਉਸ ਨੇ ਇੱਕ ਸਾਲ ਪਿੰਡ ਵਿੱਚ ਆਪਣੇ ਦਾਦਾ-ਦਾਦੀ ਨਾਲ ਬਿਤਾਇਆ ਪਰ ਪਾਲਣਪੋਸਣ ਐਨਟਾਰਿਓ ਵਿੱਚ ਹੀ ਹੋਇਆ। ਜਗਮੀਤ ਸਿੰਘ ਨੇ 2001 ਵਿੱਚ ਬੀ.ਐਸ.ਸੀ.( ਬਾਇਓਲੋਜੀ) ਅਤੇ 2005 ਵਿੱਚ ਐਲ.ਐਲ.ਬੀ. ਪਾਸ ਕੀਤੀ। ਵਕਾਲਤ ਕਰਦਿਆਂ ਉਸ ਨੇ ਕ੍ਰਿਮੀਨਲ ਕੇਸਾਂ ਵਿੱਚ ਡਿਫੈਂਸ ਦੇ ਵਕੀਲ ਵਜੋਂ ਪ੍ਰਸਿੱਧਤਾ ਹਾਸਲ ਕੀਤੀ। ਉਹ ਪਹਿਲਾਂ ਐਨਟਾਰਿਓ ਤੋਂ ਪ੍ਰੋਵੈਂਸ਼ਲ ਲੈਜਿਸਲੇਚਰ ਚੁਣਿਆਂ ਗਿਆ ਅਤੇ 2017 ਵਿੱਚ ਐਨ.ਡੀ.ਪੀ. ਪਾਰਟੀ ਦਾ ਪ੍ਰਧਾਨ ਬਣਨ ਵਿੱਚ ਸਫਲ ਹੋਇਆ। ਉਹ ਨਵੇਂ ਫੈਸ਼ਨ ਵਾਲੇ ਕੱਪੜੇ ਪਹਿਨਣ ਕਾਰਨ ਪ੍ਰਿੰਟ ਮੀਡੀਆ ਵਿੱਚ ਹਰਮਨਪਿਆਰਾ ਹੈ। ਉਸ ਨੇ 2018 ਵਿੱਚ ਬੜੇ ਹੀ ਸਾਦਾ ਢੰਗ ਨਾਲ ਫੈਸ਼ਨ ਡਿਜ਼ਾਇਨਰ ਗੁਰਕੀਰਤ ਕੌਰ ਨਾਲ ਵਿਆਹ ਕਰਵਾਇਆ। ਉਸ ਦਾ ਛੋਟਾ ਭਰਾ ਸ. ਗੁਰਰਤਨ ਸਿੰਘ ਵੀ ਪ੍ਰਸਿੱਧ ਵਕੀਲ ਅਤੇ ਐਨਟਾਰਿਓ ਤੋਂ ਲੈਜਿਸਲੇਟਿਵ ਮੈਂਬਰ ਹੈ। ਜਗਮੀਤ ਸਿੰਘ ਅੰਗ੍ਰੇਜ਼ੀ, ਫਰੈਂਚ, ਹਿੰਦੀ ਅਤੇ ਪੰਜਾਬੀ ਪੂਰੀ ਮੁਹਾਰਤ ਨਾਲ ਬੋਲਣ ਦੇ ਕਾਬਲ ਹੈ। ਸਮੂਹ ਪੰਜਾਬੀਆਂ ਅਤੇ ਵਿਸ਼ੇਸ਼ ਕਰ ਕੇ ਸਿੱਖਾਂ ਨੂੰ ਜਿੰਮੀ ਤੋਂ ਬਹੁਤ ਆਸਾਂ ਹਨ।

ਸਮਾਜਿਕ ਨਿਆਂ

# ਧੀਆਂ ਨੂੰ ਮੌਕੇ ਤਾਂ ਦਿਓ

ਗੁਰਬਿੰਦਰ ਸਿੰਘ ਮਾਣਕ (ਸੈਣੀ)
ਪਿੰਡ ਖਰਲ ਕਲਾਂ, ਜਲੰਧਰ



ਬਹੁਤ ਕੁਝ ਬਦਲਣ ਦੇ ਬਾਵਜੂਦ ਵੀ ਅਜੇ ਤਕ ਸਾਡੀ ਮਾਨਸਿਕਤਾ ਵਿਚ ਇਹ ਗੱਲ ਡੂੰਘੀ ਧੱਸੀ ਹੋਈ ਹੈ ਕਿ 'ਕੁੜੀਆਂ ਤਾਂ ਕੁੜੀਆਂ ਨੇ...ਕੁੜੀਆਂ ਦਾ ਕੀ ਏ...'। ਇਹ ਗੱਲ ਉਦੋਂ ਵਾਪਰ ਰਹੀ ਹੈ ਜਦੋਂ ਪਿਛਲੇ ਕੁਝ ਸਾਲਾਂ ਵਿਚ ਕੁੜੀਆਂ ਨੇ ਜ਼ਿੰਦਗੀ ਦੇ ਹਰ ਖੇਤਰ ਵਿਚ ਆਪਣੀ ਮਿਹਨਤ, ਦ੍ਰਿੜ ਇਰਾਦੇ ਅਤੇ ਆਤਮ-ਵਿਸ਼ਵਾਸ ਦੇ ਬਲਬੂਤੇ ਬੁਲੰਦੀਆਂ ਹਾਸਲ ਕੀਤੀਆਂ ਹਨ। ਹਰ ਖੇਤਰ ਵਿਚ ਕੁੜੀਆਂ ਨੇ ਆਪਣੀ ਸੂਝ-ਬੂਝ ਤੇ ਲਿਆਕਤ ਦੀ ਮੋਹਰ ਲਾਈ ਹੈ। ਕੁੜੀਆਂ ਨੂੰ ਕਮਜ਼ੋਰ ਸਮਝ ਕੇ ਪਹਿਲਾਂ ਜਿਹੜੇ ਮਹਿਕਮਿਆਂ ਵਿਚ ਭਰਤੀ ਨਹੀਂ ਕੀਤਾ ਜਾਂਦਾ ਸੀ, ਉਨ੍ਹਾਂ ਵਿਚ ਭਰਤੀ ਹੋ ਕੇ ਕੁੜੀਆਂ ਨੇ ਆਪਣੀ ਯੋਗਤਾ, ਸ਼ਕਤੀ ਤੇ ਸਮਰੱਥਾ ਦਾ ਭਰਵਾਂ ਪ੍ਰਗਟਾਵਾ ਕੀਤਾ ਹੈ। ਸੀਮਾ ਸੁਰੱਖਿਆ ਬਲ ਦੀਆਂ ਵਰਦੀਧਾਰੀ, ਹਥਿਆਰਾਂ ਨਾਲ ਲੈਸ ਮੁਟਿਆਰਾਂ ਨੇ ਬਹੁਤ ਕਠਿਨ ਪ੍ਰਸਥਿਤੀਆਂ ਵਿਚ ਵੀ ਸਰਹੱਦਾਂ 'ਤੇ ਰਾਤ ਦਿਨ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਅ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਮਰਦਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹਨ।

ਇਸ ਸਭ ਦੇ ਬਾਵਜੂਦ ਅਜੇ ਵੀ ਕੁੜੀਆਂ ਨੂੰ ਜੀਵਨ ਵਿਚ ਅੱਗੇ ਵਧਣ ਲਈ ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਨੇਕਾਂ ਵਿਤਕਰੇ, ਬੰਦਿਸ਼ਾਂ, ਜ਼ਾਬਤੇ ਤੇ ਦੀਵਾਰਾਂ ਉਨ੍ਹਾਂ ਦੇ ਰਾਹ ਦੀ ਰੁਕਾਵਟ ਬਣਦੇ ਹਨ। ਕੁੜੀਆਂ ਨਾਲ ਵਿਤਕਰੇ ਦਾ ਸਿਲਸਿਲਾ ਤਾਂ ਧੀ ਦੇ ਜੰਮਣ ਦੇ ਰਾਹ ਵਿਚ ਪਾਏ ਅੜਿੱਕਿਆਂ ਤੋਂ ਹੀ ਆਰੰਭ ਹੋ ਜਾਂਦਾ ਹੈ। ਕਿਸੇ ਦਾ ਜੰਮਣ ਦਾ ਹੱਕ ਹੀ ਖੋਹ ਲਿਆ ਜਾਵੇ, ਇਸ ਤੋਂ ਵੱਡਾ ਗੁਨਾਹ ਕੀ ਹੋ ਸਕਦਾ ਹੈ? ਜੇ ਕੁੜੀਆਂ ਜੰਮ ਹੀ ਪੈਣ ਤਾਂ ਪਾਲਣ-ਪੋਸ਼ਣ ਤੋਂ ਲੈ ਕੇ ਪੜ੍ਹਾਈ ਤੇ ਜ਼ਿੰਦਗੀ ਦੇ ਹਰ ਕਦਮ 'ਤੇ ਉਸ ਨੂੰ ਵਿਰੋਧਾਂ ਤੇ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤੇ ਮਾਪੇ 'ਜ਼ਮਾਨਾ ਬਹੁਤ ਖ਼ਰਾਬ ਹੈ' ਕਹਿ ਕੇ ਆਪਣੀਆਂ ਧੀਆਂ ਨੂੰ ਪੜ੍ਹਾਈ ਤੋਂ ਹੀ ਵਾਂਝਾ ਕਰ ਦਿੰਦੇ ਹਨ। ਜਦੋਂ ਕਿ ਮੁੰਡਿਆਂ 'ਤੇ ਅਜਿਹੀ ਕੋਈ ਪਾਬੰਦੀ ਨਹੀਂ ਲਾਈ ਜਾਂਦੀ। ਆਪਣੀ ਜ਼ਿੰਦਗੀ ਦੇ ਹੋਰ ਫ਼ੈਸਲੇ ਲੈਣ ਦੀ ਖੁੱਲ੍ਹ ਵੀ ਕੁੜੀਆਂ ਨੂੰ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ।

ਘਰ ਤੋਂ ਲੈ ਕੇ ਜੀਵਨ ਦੇ ਹਰ ਖੇਤਰ ਵਿਚ ਹਰ ਥਾਂ ਹੀ ਕੁੜੀਆਂ ਨੂੰ ਅਨੇਕਾਂ ਪ੍ਰੇਸ਼ਾਨੀਆਂ, ਛੇੜ-ਛਾੜ, ਬੋਲ-ਕਬੋਲ, ਨਜ਼ਰਾਂ ਦੇ ਤਿੱਖੇ ਤੀਰਾਂ ਦਾ ਸਾਹਮਣਾ ਕਰਨ ਪੈਂਦਾ ਹੈਂ। ਅਜਿਹਾ ਕਰਨ ਵਾਲੇ ਲੋਕ ਸਾਡੇ ਹੀ ਆਲੇਦੁਆਲੇ ਵਿਚ ਵਸਦੇ ਹਨ। ਇਨ੍ਹਾਂ ਖਿਲਾਫ ਕੋਈ ਆਵਾਜ਼ ਨਹੀਂ ਉਠਾਉਂਦਾ। ਬਹੁਤਾ ਦੋਸ਼ ਕੁੜੀਆਂ ਸਿਰ ਹੀ ਮੜ੍ਹ ਦਿੱਤਾ ਜਾਂਦਾ ਹੈ। ਉਨ੍ਹਾਂ ਦੇ ਇਕੱਲੇ ਜਾਣ 'ਤੇ ਪਾਬੰਦੀਆਂ ਲਾ ਦਿੱਤੀਆਂ ਜਾਂਦੀਆਂ ਹਨ। ਜਬਰ- ਜਨਾਹ ਵਰਗੀ ਸ਼ਰਮਨਾਕ ਘਟਨਾ ਵਾਪਰਨ ਦੇ ਬਾਅਦ ਵੀ ਬਹੁਤਾ ਦੋਸ਼ ਕੁੜੀ ਸਿਰ ਹੀ ਮੜ੍ਹਿਆ ਜਾਂਦਾ ਹੈ। ਕੀ ਇਸ ਤਰ੍ਹਾਂ ਕਰਨ ਨਾਲ ਸਥਿਤੀ ਸੁਧਰ ਜਾਵੇਗੀ? ਕੁੜੀਆਂ ਨੂੰ ਕਮਜ਼ੋਰ ਤੇ ਅਬਲਾ ਮੰਨਣ ਦੀ ਮਾਨਸਿਕਤਾ ਵਿਚੋਂ ਨਿਕਲਣ ਦੀ ਲੋੜ ਹੈ। ਉਨ੍ਹਾਂ ਨੂੰ ਸਰੀਰਿਕ ਤੇ ਮਾਨਸਿਕ ਰੂਪ ਵਿਚ ਸ਼ਕਤੀਸ਼ਾਲੀ ਤੇ ਮਜ਼ਬੂਤ ਹੋਣ ਦਾ ਅਹਿਸਾਸ ਕਰਵਾਇਆ ਜਾਵੇ। ਜਦੋਂ ਮਾਪੇ ਤੇ ਸਮਾਜ ਕੁੜੀਆਂ ਦੀ ਪਿੱਠ 'ਤੇ ਹੋਣਗੇ ਤਾਂ ਉਹ ਹੌਸਲੇ ਤੇ ਮਜ਼ਬੂਤ ਇਰਾਦੇ ਨਾਲ ਆਪਣੀ ਰਾਖੀ ਵੀ ਆਪ ਹੀ ਕਰ ਲੈਣਗੀਆਂ। ਸਦੀਆਂ ਤੋਂ ਕੁੜੀਆਂ ਦੇ ਮਨਾਂ ਵਿਚ ਇਕੱਲੇ ਬਾਹਰ ਵਿਚਰਨ ਤੇ ਕਿਸੇ ਮਾੜੀ ਘਟਨਾ ਦੇ ਵਾਪਰ ਜਾਣ ਦਾ ਡਰ ਤੇ ਖੌਫ ਇਸ ਕਦਰ ਭਰਿਆ ਹੋਇਆ ਹੈ ਕਿ ਉਹ ਆਪਣੀ ਮਰਜ਼ੀ ਨਾਲ ਵਿਚਰਨ ਦਾ ਹੌਸਲਾ ਹੀ ਨਹੀਂ ਕਰਦੀਆਂ। ਜਿਸ ਦਿਨ ਕੁੜੀਆਂ ਨੇ ਮਾੜੀ ਨਜ਼ਰ ਤੇ ਬੁਰੇ ਇਰਾਦੇ ਰੱਖਣ ਵਾਲਿਆਂ ਨਾਲ ਕਰੜੇ ਹੱਥੀ ਸਿੱਝਣਾ ਸ਼ੁਰੂ ਕਰ ਦਿੱਤਾ, ਉਸ ਦਿਨ ਉਨ੍ਹਾਂ ਵੱਲ ਝਾਕਣ ਦਾ ਕੋਈ ਵੀ ਹੌਸਲਾ ਨਹੀਂ ਕਰੇਗਾ। ਪਰ ਇਹ ਹੋਵੇਗਾ ਉਦੋਂ ਹੀ ਜਦੋ ਸਮਾਜ ਕੁੜੀਆਂ ਪ੍ਰਤੀ ਆਪਣੀ ਮਾਨਸਿਕਤਾ ਬਦਲਣ ਦੇ ਰਾਹ ਤੁਰੇਗਾ।

ਸਮਾਜ ਲਈ ਇਹ ਸ਼ੁਭ ਹੈ ਕਿ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਦੀਆਂ ਕੁੜੀਆਂ ਸਵਾਲ ਕਰਨ ਦਾ ਹੌਸਲਾ ਕਰਨ ਲੱਗੀਆਂ ਹਨ। ਉਹ ਸਮਾਜ ਵਿਚ ਬਰਾਬਰੀ ਤੇ ਆਪਣੇ ਹੋਰ ਹੱਕਾਂ ਲਈ ਆਵਾਜ਼ ਉਠਾਉਣ ਲੱਗੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਸੰਘਰਸ਼ਸ਼ੀਲ ਵਿਦਿਆਰਥਣਾਂ ਨੇ ਬਰਾਬਰੀ ਦੇ ਅਧਿਕਾਰ ਲਈ ਜਿਸ ਬੇਬਾਕੀ ਤੇ ਹੌਸਲੇ ਨਾਲ ਆਵਾਜ਼ ਉਠਾਈ ਹੈ, ਉਸ ਨੇ ਸਭ ਦਾ ਧਿਆਨ ਖਿੱਚਿਆ ਹੈ। ਕੁੜੀਆਂ ਸਬੰਧੀ ਨਾਂਹਵਾਚੀ ਸਿੱਟੇ ਕੱਢਣ ਦੀ ਮਾਨਸਿਕਤਾ ਕਾਰਨ ਪਾਬੰਦੀਆਂ ਦਾ ਹਥਿਆਰ ਵਰਤ ਕੇ ਉਨ੍ਹਾਂ ਦੀ ਸ਼ਖਸੀਅਤ ਨੂੰ ਮੌਲਣ ਦੇ ਰਾਹ ਵਿਚ ਰੋੜੇ ਅਟਕਾਏ ਜਾਣੇ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਕਹੇ ਜਾ ਸਕਦੇ।

ਕਿਹਾ ਤਾਂ ਇਹ ਜਾਂਦਾ ਹੈ ਕਿ ਦੁਨੀਆਂ ਦੀ ਅੱਧੀ ਆਬਾਦੀ ਔਰਤ ਦੀ ਹੈ। ਔਰਤ ਨੇ ਹੀ ਇਸ ਜਹਾਨ ਨੂੰ ਜਿਊਣਯੋਗ ਤੇ ਖੁਸ਼ਗਵਾਰ ਬਣਾਉਣ ਵਿਚ ਆਪਣੀ ਭੂਮਿਕਾ ਨਿਭਾਈ ਹੈ, ਪਰ ਮਰਦਾਂ ਦੀ ਇਸ ਦੁਨੀਆਂ ਵਿਚ ਔਰਤ ਦੇ ਪੈਰਾਂ ਵਿਚ ਮਰਿਆਦਾ ਦੇ ਅਜਿਹੇ ਸੰਗਲ ਪਾਏ ਹਨ ਕਿ ਉਸ ਲਈ ਚੱਲਣਾ ਤੇ ਵਿਗਸਣਾ ਵੀ ਕਈ ਵਾਰ ਦੁਸ਼ਵਾਰ ਹੋ ਜਾਂਦਾ ਹੈ। ਇਸ ਦੇ ਬਾਵਜੂਦ ਕੁੜੀਆਂ ਨੇ ਹਰ ਖੇਤਰ ਵਿਚ ਆਪਣੀ ਹੋਂਦ ਦਾ ਭਰਵਾਂ ਪ੍ਰਗਟਾਵਾ ਕਰਕੇ ਸਮਾਜ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ। ਪਾਬੰਦੀਆਂ ਲਾਉਣ ਦੀ ਥਾਂ ਸਮਾਜ ਨੂੰ ਕੁੜੀਆਂ ਦੇ ਵਿਚਰਨ ਲਈ ਸੁਖਾਵਾਂ ਮਾਹੌਲ ਸਿਰਜਣ ਦੀ ਲੋੜ ਹੈ। ਜੇ ਅਜਿਹਾ ਹੋ ਜਾਵੇ ਤਾਂ ਕੁੜੀਆਂ ਅੰਦਰਲੀ ਪ੍ਰਤਿਭਾ ਹੋਰ ਉਜਾਗਰ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।



## ਜ਼ਿੰਦਗੀ ਦੀ ਸ਼ਾਮ ਬਨਾਮ ਰਿਸ਼ਤਿਆਂ ਦੀ ਕੁੜੱਤਣ

ਜਸਵੰਤ ਕੌਰ(ਡਾ.)

ਸ਼ਾਮ ਨੂੰ ਪਰਛਾਵੇਂ ਲੰਮੇ ਹੋ ਜਾਂਦੇ ਹਨ। ਚੜ੍ਹਦੀ ਦੁਪਹਿਰੇ ਜਿੱਦਾਂ ਪਰਛਾਵਾਂ ਪੈਰਾਂ 'ਚ ਹੁੰਦਾ ਹੈ ਇਵੇਂ ਹੀ ਚੜ੍ਹਦੀ ਉਮਰੇ ਮਨੁੱਖ ਵੀ ਪੈਰਾਂ 'ਚ ਨਹੀਂ ਦੇਖਦਾ, ਉਸ ਦੀਆਂ ਨਿਗਾਹਾਂ ਮੋਢਿਆਂ ਦੇ ਬਰਾਬਰ ਰਹਿੰਦੀਆਂ ਹਨ। ਹੌਲੀ ਹੌਲੀ ਲੰਮੇ ਹੁੰਦੇ ਪਰਛਾਵੇਂ ਜੀਵਨ ਦੀ ਢਲਦੀ ਸ਼ਾਮ ਦਾ ਸੰਕੇਤ ਦਿੰਦੇ ਹਨ। ਉਮਰ ਦੇ ਪੈਰਾਂ 'ਚ ਬਿਆਈਆਂ ਪਾਟ ਜਾਂਦੀਆਂ ਹਨ। ਸਾਵੀਂ ਤੋਰੇ ਤੁਰਨਾ ਔਖਾ ਹੋ ਜਾਂਦਾ ਹੈ। ਸਮੇਂ ਦੀ ਤੇਜ਼ ਤੋਰੇ ਤੁਰ ਕੇ ਜਵਾਨਾਂ ਨਾਲ ਪੈੜ ਮੇਚਣਾ ਔਖਾ ਹੋ ਜਾਂਦਾ ਹੈ। ਨਾ ਹੀ ਕੋਈ ਆਪਣੀ ਤੋਰ ਹੌਲੀ ਕਰ ਕੇ ਤੁਹਾਨੂੰ ਨਾਲ ਰਲਾਉਣਾ ਚਾਹੁੰਦੈ।

ਇਸ ਤੋਂ ਵੀ ਅਗਲੀ ਦਸ਼ਾ ਡਗਮਗਾਉਣ ਦੀ, ਹੱਥ ਪੈਰ ਹਿੱਲਣ ਦੀ, ਤੁਰਨ ਦੀ, ਖਾਣ-ਪੀਣ ਦੀ ਅਸਮਰਥਾ ਦੀ ਹੋ ਜਾਂਦੀ ਹੈ। ਉਦੋਂ ਤੁਹਾਡੀ ਮਜ਼ਬੂਰੀ ਉਹ ਹੀ ਸਮਝਦਾ ਹੈ ਜਿਸ ਨੂੰ ਇਹ ਦਿਸਦਾ ਹੋਵੇ ਕਿ ਬੱਸ ਕੁੱਝ ਸਾਲਾਂ ਨੂੰ ਮੇਰੀ ਵੀ ਵਾਰੀ ਆਈ ਖੜ੍ਹੀ ਹੈ। ਅਜਿਹੀ ਹਾਲਤ ਵਿਚ ਕੁਝ ਕੁ ਪਰਿਵਾਰਕ ਜੀਅ ਹੁੰਦੇ ਹਨ ਜੋ ਸਮਝਦੇ ਹਨ ਕਿ ਚੰਗੀ ਤਰ੍ਹਾਂ ਸਾਫ਼-ਸੁੱਥਰੇ ਤਰੀਕੇ ਨਾਲ ਖਾ-ਪੀ ਨਾ ਸਕਣਾ ਹੁਣ ਇਸ ਦੀ ਮਜ਼ਬੂਰੀ ਹੈ।

ਇਕ ਬਜ਼ੁਰਗ ਆਪਣੇ ਪਰਿਵਾਰ ਨਾਲ ਖਾਣੇ ਦੀ ਮੇਜ਼ 'ਤੇ ਬੈਠ ਕੇ ਖਾਣਾ ਖਾਂਦੇ ਸਮੇਂ ਹੱਥਾਂ ਤੇ ਮੂੰਹ ਦਾ ਤਾਲਮੇਲ ਨਾ ਬਣਨ ਕਰ ਕੇ ਖਾਣਾ ਖਿਲਾਰ ਲੈਂਦਾ ਹੈ। ਮੇਜ਼ ਗੰਦਾ ਹੋ ਜਾਂਦਾ ਹੈ। ਹੱਥ, ਮੂੰਹ ਤੇ ਕਪੜੇ ਖਾਣੇ ਨਾਲ ਲਿੱਬੜ ਜਾਂਦੇ ਹਨ। ਉਸ ਕੋਲੋਂ ਭਾਂਡੇ ਟੁੱਟ ਜਾਂਦੇ ਹਨ। ਟੱਬਰ ਦੇ ਨਾਲ ਬਾਕੀ ਜੀਅ ਉਸ ਤੋਂ ਕਚਿਆਣ ਮੰਨਦੇ ਹਨ। ਬਜ਼ੁਰਗ ਬੇਵਸ ਅਤੇ ਲਾਚਾਰ ਹੋ ਜਾਂਦਾ ਹੈ। ਕਮਰੇ ਦੇ ਇਕ ਕੋਨੇ ਵਿਚ ਮੇਜ਼ ਕੁਰਸੀ ਲਾ ਕੇ ਨਾਟੁੱਟਣ ਵਾਲੇ ਭਾਂਡਿਆਂ ਵਿੱਚ ਉਸ ਨੂੰ ਖਾਣਾ ਦਿੱਤਾ ਜਾਣ ਲਗਦਾ ਹੈ। ਉਥੇ ਵੀ ਉਸ ਕੋਲੋਂ ਚੰਗੀ ਤਰ੍ਹਾਂ ਖਾ ਨਹੀਂ ਹੁੰਦਾ ਤੇ ਉਹ ਰੋਣ ਲੱਗ ਜਾਂਦਾ ਹੈ। ਬਜ਼ੁਰਗ ਦਾ ਛੋਟਾ ਜਿਹਾ ਪੋਤਾ ਦੇਖਦਾ ਹੈ ਕਿ ਬਾਬਾ ਜੀ ਰੋਂਦੇ ਰੋਂਦੇ ਖਾਣਾ ਖਾ ਰਹੇ ਹਨ। ਇਕ ਦਿਨ ਪੋਤਾ ਲੱਕੜੀ ਦੇ ਟੋਟੇ ਲਿਆ ਕੇ ਮੇਖਾਂ ਨਾਲ ਜੋੜ ਰਿਹਾ ਸੀ ਅਤੇ ਭਾਂਡਿਆਂ ਵਰਗਾ ਕੁਝ ਬਣਾ ਰਿਹਾ ਸੀ। ਜਦੋਂ ਉਸ ਦੇ ਮਾਪਿਆਂ ਨੇ ਪੁੱਛਿਆ ਤਾਂ ਉਸ ਨੇ ਕਿਹਾ, "ਮੰਮੀ! ਪਾਪਾ ! ਤੁਹਾਡੇ ਲਈ ਬਰਤਣ ਬਣਾ ਰਿਹਾ ਹਾਂ। ਜਦੋਂ ਤੁਸੀਂ ਬਾਬਾ ਜੀ ਦੀ ਉਮਰ ਦੇ ਹੋਵੋਗੇ ਤਾਂ ਇਹਨਾਂ ਵਿਚ ਤੁਹਾਨੂੰ ਖਾਣਾ ਦਿਆ ਕਰੂੰਗਾ"। ਬੱਚੇ ਦੀ ਗੱਲ ਤੋਂ ਭੈਅ-ਭੀਤ ਹੋ ਕੇ ਉਨ੍ਹਾਂ ਨੇ ਦੋਬਾਰਾ ਬਜ਼ੁਰਗ ਨੂੰ ਖਾਣੇ ਦੀ ਮੇਜ਼ 'ਤੇ ਹੀ ਖਾਣਾ ਦੇਣਾ ਸ਼ੁਰੂ ਕਰ ਦਿੱਤਾ ਅਤੇ ਖਾਣ ਵਿਚ ਵੀ ਉਸ ਦੀ ਮਦਦ ਕਰਨ ਲੱਗੇ।

ਸਾਡੇ ਵਿੱਚੋਂ ਬਹੁਤੇ ਭੁੱਲ ਜਾਂਦੇ ਹਨ ਕਿ ਜੀਵਨ ਦੀ ਸ਼ਾਮ ਸਾਡੀ ਵੀ ਢਲ਼ਣੀ ਹੈ। ਰਿਸ਼ਤਿਆਂ ਵਿਚੋਂ ਬੇਵਸੀ ਦੀ ਮਜ਼ਬੂਰੀ ਲੱਭਣ ਦੀ ਬਜਾਏ ਪਿਆਰ ਦੀਆਂ ਸ਼ੁਆਵਾਂ ਛੱਡਦੀ ਆਦਤ ਪਾਉਣੀ ਚਾਹੀਦੀ ਹੈ।

ਅੱਜ ਕੱਲ੍ਹ ਛੋਟੇ ਪਰਿਵਾਰਾਂ ਵਿੱਚ ਨੌਕਰੀ ਦੀਆਂ ਮਜਬੂਰੀਆਂ ਕਰਕੇ ਬਜ਼ੁਰਗਾਂ ਲਈ ਥਾਂ ਤੰਗ ਹੋਈ ਜਾ ਰਹੀ ਹੈ। ਪਰ ਅਸੀਂ ਭੁੱਲ ਗਏ ਕਿ ਜਦੋਂ ਇਨ੍ਹਾਂ ਨੇ ਸਾਨੂੰ ਉਂਗਲ ਫੜ ਕੇ ਨਾਲ ਤੋਰਿਆ ਸੀ, ਹੁਣ ਇਨ੍ਹਾਂ ਦੀ ਉਂਗਲ ਫੜਨ ਦੀ ਸਾਡੀ ਵਾਰੀ ਹੈ। ਜਦੋਂ ਅਸੀਂ ਨਿੱਕੇ ਸਾਂ, ਇੱਕੋ ਗੱਲ ਵਾਰ ਵਾਰ ਦੁਹਰਾ ਕੇ ਅਨੇਕਾਂ ਵਾਰੀ ਪੁੱਛਦੇ ਸਾਂ। ਸਾਡੇ ਮਾਪੇ ਤਾਂ ਅੱਕਦੇ ਨਹੀਂ ਸਨ ਪਰ ਸਾਡਾ ਸੁਭਾਅ ਇੰਨਾ ਥੋੜ੍ਹ-ਦਿਲਾ ਹੈ ਕਿ ਅਸੀਂ ਦੋ-ਤਿੰਨ ਵਾਰੀ ਪੁੱਛਣ ਤੇ ਹੀ ਅੱਕ ਕੇ ਖਿਝ ਜਾਂਦੇ ਹਾਂ। ਇਕ ਵਿਗਿਆਨੀ ਹਰ ਮੀਟਿੰਗ ਵਿਚ ਜਾਂਦੇ ਸਮੇਂ ਹਮੇਸ਼ਾਂ ਆਪਣੀ ਬੁੱਢੀ ਮਾਂ ਦੀ ਉਂਗਲ ਫੜ ਕੇ ਰੱਖਦਾ ਸੀ।

ਜਦੋਂ ਅਸੀਂ ਚੜ੍ਹਦੀ ਉਮਰੇ ਹੁੰਦੇ ਹਾਂ ਤਾਂ ਬੇਅੰਤ ਮੰਗਾਂ ਮਨਵਾਉਣ ਲਈ ਅਸੀਂ ਮਾਪਿਆਂ ਦੇ ਗਲ਼ 'ਚ ਗੂਠਾ ਦਿੰਦੇ ਹਾਂ। ਕਈ ਵਾਰੀ ਧਮਕੀਆਂ, ਡਰਾਵੇ ਅਤੇ ਰੋਸੇ-ਗਿਲੇ ਕਰਕੇ ਘਰੋਂ ਵੀ ਭੱਜ ਜਾਂਦੇ ਹਾਂ। ਇੰਨਾ ਵੀ ਨਹੀਂ ਸੋਚਦੇ ਕਿ ਮਗਰੋਂ ਸਾਡੇ ਮਾਪਿਆਂ ਨਾਲ ਕੀ ਬੀਤੇਗੀ? ਅਜਿਹੀ ਹੀ ਇੱਕ ਅਣਹੋਣੀ ਇੱਕ ਬਾਪ ਨਾਲ ਵਾਪਰੀ। ਨੌਜਵਾਨ ਮੁੰਡੇ ਦੀ ਮਾਂ ਪਹਿਲਾਂ ਹੀ ਮਰੀ ਹੋਈ ਸੀ। ਬਾਪ ਉਸ ਦੀ ਹਰ ਇੱਛਾ ਪੂਰੀ ਕਰਦਾ ਸੀ। ਜਦੋਂ ਉਸ ਨੇ ਡਿਗਰੀ ਦੀ ਕਨਵੋਕੇਸ਼ਨ 'ਤੇ ਜਾਣਾ ਸੀ, ਉਸ ਨੇ ਬਾਪ ਅੱਗੇ ਬਹੁਤ ਮਹਿੰਗੇ ਬਰਾਂਡ ਦੀ ਕਾਰ ਦੀ ਮੰਗ ਰੱਖ ਦਿੱਤੀ ਜੋ ਸ਼ੋ-ਰੂਮ ਵਿੱਚ ਨਵੀਂ ਹੀ ਆਈ ਸੀ। ਬਾਪ ਕੁੱਝ ਨਾ ਬੋਲਿਆ। ਕਨਵੋਕੇਸ਼ਨ ਵਾਲੇ ਦਿਨ ਉਸ ਨੇ ਬਹੁਤ ਕੀਮਤੀ, ਸ਼ਿੰਗਾਰਿਆ ਹੋਇਆ ਡੱਬਾ ਬੇਟੇ ਨੂੰ ਦਿੱਤਾ। ਬੇਟਾ ਖਿੱਝ ਗਿਆ। ਉਸ ਨੇ ਆ ਦੇਖਿਆ, ਨਾ ਤਾਅ, ਡੱਬਾ ਸੁੱਟ ਕੇ ਘਰੋਂ ਚਲਾ ਗਿਆ। ਪਤਾ ਨਹੀਂ ਕਿੰਨੇ ਹੀ ਸਾਲ ਮੁੜ ਕੇ ਘਰ ਨਾ ਵੜਿਆ। ਜਿੱਥੇ ਗਿਆ ਉੱਥੇ ਹੀ ਨੌਕਰੀ 'ਤੇ ਲੱਗ ਗਿਆ ਤੇ ਵਿਆਹ ਕਰਾ ਕੇ ਬਾਲ-ਬੱਚੇਦਾਰ ਵੀ ਹੋ ਗਿਆ। ਬਹੁਤ ਸਾਲਾਂ ਬਾਅਦ ਉਸ ਨੂੰ ਬਾਪ ਨੂੰ ਮਿਲਣ ਦੀ ਇੱਛਾ ਹੋਈ। ਉਹ ਆਪਣੇ ਘਰ ਗਿਆ। ਉਦੋਂ ਤੱਕ ਬਾਪ ਮਰ ਚੁੱਕਾ ਸੀ। ਉਸ ਨੇ ਘਰ ਦੀ ਫੋਲਾ-ਫਾਲੀ ਕੀਤੀ ਕਿ ਸ਼ਾਇਦ ਬਾਪ ਕੁੱਝ ਲਿਖ ਕੇ ਛੱਡ ਗਿਆ ਹੋਵੇ। ਅਚਾਨਕ ਉਹੀ ਡੱਬਾ ਉਸ ਨੂੰ ਮਿਲਿਆ। ਉਸ ਨੇ ਖੋਲ੍ਹ ਕੇ ਦੇਖਿਆ। ਉਸ ਵਿਚ ਉਸੇ ਕਾਰ ਦੀ ਚਾਬੀ ਸੀ, ਸ਼ਿੰਗਾਰ ਕੇ ਡੱਬੇ ਵਿਚ ਰੱਖੀ ਹੋਈ, ਜਿਸ ਨੂੰ ਪ੍ਰਾਪਤ ਕਰਨ ਦੀ ਉਦੋਂ ਉਸ ਨੂੰ ਇੱਛਾ ਹੋਈ ਸੀ। ਪਰ ਹੁਣ ਤਾਂ ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਲੰਘ ਚੁੱਕਾ ਸੀ। ਜਵਾਨੀ ਦੀ ਆਕੜ, ਰੋਅਬ ਅਤੇ ਮਾਪਿਆਂ ਪ੍ਰਤੀ ਗੁੱਸਾ ਮਨੁੱਖ ਨੂੰ ਇੰਨੀ ਦੂਰ ਲਿਜਾ ਸੁੱਟਦਾ ਹੈ ਕਿ ਪਛਤਾਵੇ ਬਗੈਰ ਮਨੁੱਖ ਦੇ ਹੱਥ ਕੁੱਝ ਨਹੀਂ ਬਚਦਾ। ਪੁੱਤ ਦੇ ਰੋਸੇ ਪ੍ਰਤਿ ਬਾਪ ਕਿੰਨਾ ਤੜਪਿਆ ਹੋਵੇਗਾ, ਅੱਥਰੀ ਜਵਾਨੀ ਇਹ ਅਹਿਸਾਸ ਨਹੀਂ ਕਰਦੀ। ਜਿੱਥੇ ਇਹ ਅਹਿਸਾਸ ਹੈ ਉਥੇ ਜ਼ਿੰਦਗੀ ਦੀ ਸਵੇਰ, ਦੁਪਹਿਰ ਜਾਂ ਸ਼ਾਮ

ਹੋਵੇ, ਸਭ ਸੁਖਾਵੀਆਂ ਬੀਤਦੀਆਂ ਹਨ। ਰਿਸ਼ਤਿਆਂ ਦਾ ਨਿੱਘ ਮਾਨਣ ਦੀ ਚੀਜ਼ ਹੈ।

ਦੇਖੋ ਵਕਤ ਬੁਰੇ ਦੀ, ਇਹੋ ਬੁਰੀ ਹੈ ਕਹਾਣੀ
ਮਾਪੇ ਦੁੱਧ ਘੀ ਪਿਲਾਉਂਦੇ, ਪੁੱਤ ਪੁੱਛਦੇ ਨਾ ਪਾਣੀ
ਲਾਡਾਂ ਨਾਲ ਪਾਲੇ ਪੁੱਤ ਵੀ ਕਠੋਰ ਹੋ ਗਏ
ਤੇਰੀ ਦੁਨੀਆਂ ਦੇ ਰੰਗ ਹੁਣ ਹੋਰ ਹੋ ਗਏ।

(ਸਾਬੀ ਪਾਬਲਾ-ਲਸਾੜਾ)

* * * * *



## ਕਵਿਤਾ

ਕੁਲਵਿੰਦਰ ਖੈਰਾਬਾਦੀ

ਓਸ ਨੇ ਆਖਿਆ ਸੀ
ਚਾਨਣ ਕਰੋ ਆਪਣੇ ਮਨਾਂ ਅੰਦਰ,
ਅਸੀਂ ਘਰਾਂ ਦੇ ਬਨੇਰਿਆਂ 'ਤੇ
ਲਾਟੂ ਜਗਾ ਬੈਠੇ।
ਓਹ ਸੀ ਆਖਦਾ ਏਕ ਪਿਤਾ
ਏਕਸ ਕੇ ਹਮ ਬਾਰਿਕ,
ਅਸੀਂ ਐਵੇਂ ਇੱਕ ਤੋਂ
ਹਜ਼ਾਰਾਂ ਬਣਾ ਬੈਠੇ।
ਚਾਰ ਦਰਵਾਜ਼ੇ ਹਰਿ ਮੰਦਿਰ ਦੇ
ਆਖਰ ਕੀ ਸੀ ਸਮਝਾਉਣਾ ਚਾਹੁੰਦਾ ਓਹ,
ਨਾ ਸਮਝ ਸੀ ਅਸੀਂ ਪਿੰਡਾਂ 'ਚ
ਚਾਰ ਚਾਰ ਗੁਰੂ ਘਰ ਬਣਾ ਬੈਠੇ।
ਹੁਣ ਕਿਵੇਂ ਦਿਖਾਉਗੇ ਨਵੀਂ ਪੀੜ੍ਹੀ ਨੂੰ
ਕੱਚੀ ਗੜ੍ਹੀ ਚਮਕੌਰ ਦੀ ਤੇ ਬੁਰਜ ਠੰਢਾ,
ਆਪਣੇ ਹੱਥੀਂ ਢਾਹ ਕੇ ਇਤਿਹਾਸ ਆਪਣਾ
ਅਸੀਂ ਉੱਥੇ ਸੰਗਮਰਮਰ ਲਵਾ ਬੈਠੇ।

* * * * *

.......ਸਫਾ 12 ਦੀ ਬਾਕੀ

| | |
|---|---|
| ਸ. ਹਰਪਾਲ ਸਿੰਘ | ਪਠਲਾਵਾ (ਨਵਾਂਸ਼ਹਿਰ) |
| ਸ਼੍ਰੀਮਤੀ ਕੁਲਵਿੰਦਰ ਕੌਰ | ਦੁਪਾਲਪੁਰ (ਨਵਾਂਸ਼ਹਿਰ) |
| ਸ. ਹਰਭਜਨ ਸਿੰਘ | ਬਜੀਦਪੁਰ (ਨਵਾਂਸ਼ਹਿਰ) |
| ਸ਼੍ਰੀਮਤੀ ਸੁਰਿੰਦਰ ਕੌਰ | ਦੁਧਾਲਾ (ਨਵਾਂਸ਼ਹਿਰ) |
| ਸ਼੍ਰੀਮਤੀ ਨਿਰਮਲ ਕੌਰ | ਮਝੂਰ (ਨਵਾਂਸ਼ਹਿਰ) |
| ਸ. ਤਰਸੇਮ ਸਿੰਘ | ਮਹਿਤਪੁਰ (ਨਵਾਂਸ਼ਹਿਰ) |
| ਸ. ਲਾਭ ਸਿੰਘ | ਸੈਣੀ ਮਾਜਰਾ (ਮੁਹਾਲੀ) |
| ਸ. ਬਹਾਦਰ ਸਿੰਘ | ਠਸਕਾ (ਮੁਹਾਲੀ ) |

ਸੈਣੀ ਕਲਾਕਾਰ

## ਆਜ਼ਾਦੀ ਸੰਗ੍ਰਾਮੀ ਕਵੀ- ਕਰਤਾਰ ਸਿੰਘ 'ਚਰਖਾ'



ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੇ ਪਿੰਡ ਲੰਗੜੋਆ ਵਿਖੇ ਸੈਣੀ ਪਰਿਵਾਰ ਵਿੱਚ ਜਨਮਿਆਂ ਕਰਤਾਰ ਸਿੰਘ ਉਤਸ਼ਾਹੀ ਆਜ਼ਾਦੀ ਸੰਗ੍ਰਾਮੀ ਸਟੇਜੀ ਕਵੀ ਸੀ। ਉਸ ਨੇ 1947 ਵਿੱਚ ਇੱਕ ਜਲਸੇ ਵਿੱਚ ਇਨਕਲਾਬੀ ਕਵਿਤਾ ਪੜ੍ਹੀ ਤਾਂ ਮਹਾਤਮਾ ਗਾਂਧੀ ਨੂੰ ਕਹਿਣਾ ਪਿਆ,' ਕਰਤਾਰ ਸਿੰਹਾਂ ਅੱਜ ਤੂੰ ਕਮਾਲ ਕਰ ਕੇ ਦਿਖਾਇਆ।ਮੇਰੇ ਚਰਖੇ ਵਾਂਗੂ ਘੁੰਮ ਗਿਆਂ"। ਉਸ ਦਿਨ ਤੋਂ ਕਰਤਾਰ ਸਿੰਘ ਦੇ ਨਾਮ ਨਾਲ ਹਮੇਸ਼ਾਂ ਲਈ ਚਰਖਾ ਜੁੜ ਗਿਆ। ਸੰਨ 1972 ਵਿੱਚ ਇੰਦਰਾ ਗਾਂਧੀ ਨੇ ਉਸ ਦਾ ਤਾਮਰ ਪੱਤਰ ਨਾਲ ਸਨਮਾਨ ਕੀਤਾ ਅਤੇ ਪ੍ਰਤਾਪ ਸਿੰਘ ਕੈਰੋਂ ਨੇ 'ਪੰਜਾਬੀ ਕਵੀ' ਖਿਤਾਬ ਨਾਲ ਨਿਵਾਜਿਆ। ਆਪ ਹਾਸ-ਵਿਅੰਗ ਕਵਿਤਾ ਦੇ ਵੀ ਮਾਹਰ ਸਨ।ਆਪ 1980 ਵਿੱਚ 65 ਸਾਲ ਦੀ ਉਮਰ ਵਿੱਚ ਸੰਸਾਰ ਛੱਡ ਗਏ ਪਰ ਉਨ੍ਹਾਂ ਦੇ ਸਪੁੱਤਰਾਂ- ਸ. ਮੋਹਣ ਸਿੰਘ ਚਰਖਾ ਅਤੇ ਸ. ਤਰਸੇਮ ਸਿੰਘ ਚਰਖਾ ਨੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਪੁਸਤਕ,'ਚਰਖੇ ਦੀਆਂ ਯਾਦਾਂ'ਵਿੱਚ ਸੰਭਾਲ ਕੇ ਪ੍ਰਸ਼ੰਸਾਭਰਪੂਰ ਕੰਮ ਕੀਤਾ ਹੈ।ਇਸ ਪੁਸਤਕ ਵਿੱਚੋਂ ਇੱਕ ਕਵਿਤਾ-'ਰੱਬ ਨਾਲ ਚਾਰ ਸੌ ਵੀਹ' ਨਮੂਨੇ ਵਜੋਂ ਇੱਥੇ ਦਿੱਤੀ ਜਾ ਰਹੀ ਹੈ-

ਚੋਰ ਗਿਆ ਜਦ ਕਰਨ ਚੋਰੀਆਂ, ਮੰਦਰ ਸੀਸ ਝੁਕਾ ਕੇ।
ਅੱਧੋ ਅੱਧ ਚੜ੍ਹਾਵਾ ਚਾੜੂੰ, ਤੇਰੇ ਚਰਨੀ ਆ ਕੇ।
ਹੱਟੀ ਭੰਨੀ ਚੋਰੀ ਕਰ ਕੇ, ਬੋਰੀ ਬਦਾਮਾਂ ਦੀ ਲਿਆਉਂਦਾ।
ਗਿਰੀਆਂ ਕੱਢ ਕੇ ਘਰੀਂ ਰੱਖੀਆਂ,
ਛਿਲਕੇ ਮੰਦਰ ਪਹੁੰਚਾਉਂਦਾ।
ਅੱਧ ਭਗਵਾਨ ਦਾ ਤੇ ਅੱਧ ਮੇਰਾ, ਪਾਪ ਕੋਈ ਨਾ ਕਰਸਾਂ।
ਹੁਣ ਮੈਂ ਗਿਟਕਾਂ ਆਪ ਰੱਖੀਆਂ, ਫੇਰ ਛਿੱਲਰ ਮੈਂ ਧਰਸਾਂ।
ਫੇਰ ਲਿਆਇਆ ਚੋਰੀ ਕਰ ਕੇ, ਬੋਰੀ ਇੱਕ ਛੁਆਰੇ।
ਛਿਲਕਾ ਸਾਰਾ ਖਰਾ ਲਾਹ ਲਿਆ, ਗਿਟਕਾਂ ਮੰਦਰ ਵਿਚਕਾਰੇ।
ਰੱਬ ਦੇ ਨਾਲ ਪਾਪ ਨਹੀਂ ਕਰਨਾ, ਛੱਲੀਆਂ ਭੰਨੀਆਂ ਹਰੀਆਂ।
ਦਾਣੇ ਲਾਹ ਕੇ ਗੁੱਲ ਦੀਆਂ ਗੁੱਲੀਆਂ,
ਲਿਆ ਮੰਦਰ ਵਿੱਚ ਧਰੀਆਂ।
ਚਾਰ ਸੌ ਵੀਹ ਜਦ ਰੱਬ ਨਾਲ ਕਰਦਾ, ਬੰਦਾ ਬਾਤ ਮਾਮੂਲੀ।
'ਚਰਖਿਆ' ਤੈਥੋਂ ਵੱਧ ਕਈ ਚਰਖੇ, ਤੂੰ ਕਿਹੜੇ ਬਾਗ ਦੀ ਮੂਲੀ।
ਤੂੰ ਕਿਹੜੇ ਬਾਗ ਦੀ ਮੂਲੀ..............................।

## ਆਸਟ੍ਰੇਲੀਆ ਵਿੱਚ ਮਾਂ ਬੋਲੀ ਦੇ ਸਪੂਤ

ਸਪੂਤ ਉਹ ਹੁੰਦਾ ਹੈ ਜੋ ਆਪਣੇ ਮਾਂਬਾਪ ਦੀ ਸੇਵਾ ਸਾਂਭ-ਸੰਭਾਲ ਕਰਦਾ ਅਤੇ ਉਨ੍ਹਾਂ ਦੇ ਵਿਰਸੇ ਨੂੰ ਅੱਗੇ ਤੋਰਦਾ ਹੈ। ਪੰਜਾਬੀ ਸਾਡੀ ਮਾਂ ਸਮਾਨ ਹੈ। ਇਸ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲਾ ਹੀ ਮਾਂ-ਬੋਲੀ ਦਾ ਸਪੂਤ ਹੋ ਸਕਦਾ ਹੈ। ਆਪਣਿਆਂ ਵਿੱਚ ਰਹਿ ਕੇ ਤਾਂ ਇਹ ਮੁਸ਼ਕਲ ਨਹੀਂ ਹੈ ਪਰ ਜੋ ਬਿਗਾਨਿਆਂ ਵਿੱਚ ਵਿਚਰਦਿਆਂ ਆਪਣੀ ਮਾਂਬੋਲੀ ਨਾਲ ਪਿਆਰ ਕਰਦਾ ਹੈ ਉਹ ਅਸਲ ਸਪੂਤ ਹੈ। ਅਸਟ੍ਰੇਲੀਆ ਦੇ ਸ਼ਹਿਰ ਬ੍ਰਿਸਬਨ ਵਿੱਚ ਰਹਿੰਦੇ ਸੈਣੀ ਬਰਾਦਰੀ ਦੇ ਹਰਜੀਤ ਲਸਾੜਾ ਅਤੇ ਹਰਜੋਤ ਸਿੰਘ ਉਨ੍ਹਾਂ ਵਿਚੋਂ ਪ੍ਰਮੁਖ ਹਨ।

ਹਰਜੀਤ ਸਿੰਘ ਜ਼ਿਲ੍ਹਾ ਜਲੰਧਰ ਵਿੱਚ ਪਿੰਡ ਲਸਾੜਾ ਦੇ ਸ. ਜਗੀਰ ਸਿੰਘ ਦੇ ਬੇਟੇ ਹਨ ਜੋ ਬਹੁਤ ਸਾਲ ਪਹਿਲਾਂ ਰੋਟੀ-ਰੋਜ਼ੀ ਲਈ ਅਸਟ੍ਰੇਲੀਆ ਗਏ ਅਤੇ ਉੱਥੋਂ ਦੇ ਹੀ ਹੋ ਕੇ ਰਹਿ ਗਏ। ਇਸ ਦੇ ਬਾਵਜ਼ੂਦ ਉਹ ਨਾਟਕਾਂ ਅਤੇ ਪੱਤਰਕਾਰੀ ਰਾਹੀਂ ਪੰਜਾਬੀ ਜ਼ੁਬਾਨ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿੰਦੇ ਹਨ। ਉਹ ਪੰਜਾਬੀ ਟ੍ਰਿਬਿਊਨ ਅਖਬਾਰ ਦੇ ਬ੍ਰਿਸਬਿਨ ਤੋਂ ਪੱਤਰਪ੍ਰੇਰਕ ਹਨ।

ਹਰਜੋਤ ਸਿੰਘ ਵੀ ਲਸਾੜਾ ਪਿੰਡ ਦੇ ਸ. ਜਸਵੀਰ ਸਿੰਘ ਦੇ ਬੇਟੇ ਹਨ ਜੋ ਹੁਣ ਪਰਿਵਾਰ ਸਮੇਤ ਬ੍ਰਿਸਬਿਨ ਵਿੱਚ ਪੱਕੇ ਤੌਰ ਤੇ ਰਹਿ ਰਹੇ ਹਨ। ਉਨ੍ਹਾਂ ਨੇ ਆਪਣਾ ਨਿਜੀ ਅਤੇ ਸਮਾਜਿਕ ਜੀਵਨ ਗੁਰਸਿੱਖੀ ਨੂੰ ਸਮਰਪਿਤ ਕੀਤਾ ਹੋਇਆ ਹੈ। ਗੁਰਬਾਣੀ ਪ੍ਰਚਾਰ ਤੇ ਪਾਸਾਰ ਦੇ ਨਾਲ ਨਾਲ ਉਹ ਮਾਂ-ਬੋਲੀ ਪੰਜਾਬੀ ਦੀ ਵੀ ਸੇਵਾ ਕਰ ਰਹੇ ਹਨ। 28 ਫਰਵਰੀ, 2019 ਨੂੰ ਸਿੰਘ ਸਭਾ ਪੰਜਾਬੀ ਸਕੂਲ ਦੇ ਪ੍ਰਬੰਧਕਾਂ ਨੇ ਬ੍ਰਿਸਬਿਨ ਵਿਖੇ ਇੱਕ ਸਮਾਰੋਹ ਕਰਵਾਇਆ। ਇਸ ਸਮਾਗਮ ਦੀ ਸ਼ੁਰੂਆਤ ਬੱਚਿਆਂ ਵਲੋਂ ਜਪੁਜੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਇਸ ਵਿੱਚ ਵੱਖ ਵੱਖ ਬੁਲਾਰਿਆਂ ਨੇ ਮਾਂਬੋਲੀ ਪੰਜਾਬੀ ਦੀ ਹੋਂਦ 'ਤੇ ਚਿੰਤਾ ਪ੍ਰਗਟ ਕਰਦਿਆਂ ਇਸ ਦੀ ਬਿਹਤਰੀ ਲਈ ਪ੍ਰਬੰਧਕਾਂ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮੇਂ ਬੱਚਿਆਂ ਨੇ ਪੰਜਾਬੀ ਵਿੱਚ ਬਾਬੇ ਨਾਨਕ ਦੀਆਂ ਅਤੇ ਹੋਰ ਕਵਿਤਾਵਾਂ ਪੜ੍ਹੀਆਂ, ਕਵੀਸ਼ਰੀ ਗਾਇਨ ਕੀਤਾ ਅਤੇ ਮਾਂਬੋਲੀ ਪੰਜਾਬੀ ਦੇ ਸਤਿਕਾਰ ਵਿੱਚ ਨਾਟਕ ਵੀ ਖੇਡਿਆ। ਇਸ ਵਿੱਚ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕਾਂ ਨੇ ਪੂਰਾ ਸਹਿਯੋਗ ਦਿੱਤਾ। ਇਸ ਸਮੇਂ ਬੱਚਿਆਂ ਨੂੰ ਇਨਾਮ ਵੰਡੇ ਗਏ ਜੋ ਪਹਿਲਾਂ ਕਰਵਾਏ ਗਏ ਭਿੰਨ ਭਿੰਨ ਮੁਕਾਬਲਿਆਂ ਵਿੱਚ ਜੇਤੂ ਹੋਏ ਸਨ। ਇਨ੍ਹਾਂ ਮੁਕਾਬਲਿਆਂ ਲਈ ਤਿਆਰੀ ਅਤੇ ਇਨ੍ਹਾਂ ਦਾ ਆਯੋਜਨ, ਸ.ਹਰਜੋਤ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਬਲਜੀਤ ਕੌਰ ਨੇ ਕਰਵਾਇਆ ਸੀ। ਇਸ ਪ੍ਰੋਗਰਾਮ ਦੀ ਖਬਰ ਸ. ਹਰਜੀਤ ਲਸਾੜਾ ਨੇ 'ਪੰਜਾਬੀ ਟ੍ਰਿਬਿਊਨ' ਅਖਬਾਰ ਰਾਹੀਂ ਵਿਸ਼ਵ ਦੇ ਕੋਨੇ ਕੋਨੇ ਵਿੱਚ ਵਸਦੇ ਪੰਜਾਬੀ ਲੋਕਾਂ ਤੱਕ ਪਹੁੰਚਾਈ ਹੈ।



ਬੋਲੀ ਨਾ ਰਹੀ ਤਾਂ ਕਵਿਤਾਵਾਂ ਗੁੰਮ ਜਾਣੀਆਂ।
ਮਾਵਾਂ ਦੀਆਂ ਦਿੱਤੀਆਂ ਦੁਆਵਾਂ ਰੁਲ ਜਾਣੀਆਂ।

## ਮਿੱਟੀ ਨਾ ਫਰੋਲ ਜੋਗੀਆ


ਪੰਜਾਬੀ ਸੱਭਿਆਚਾਰ ਦਾ ਕੀਮਤੀ ਖਜ਼ਾਨਾ, ਲੋਕ-ਕਾਵਿ ਸਮੇਂ ਦੀ ਧੂੜ ਵਿੱਚ ਗੁਆਚਦਾ ਜਾ ਰਿਹਾ ਹੈ। ਵਿਆਹ ਸਮੇਂ ਗਾਏ ਜਾਂਦੇ ਸੁਹਾਗ, ਘੋੜੀਆਂ ਤੇ ਸਿੱਠਣੀਆਂ ਅਤੇ ਸੋਗ ਸਮੇਂ ਦੇ ਕੀਰਨੇ ਮਾਂ-ਬੋਲੀ ਦੀ ਅਮੀਰੀ ਨੂੰ ਦਰਸਾਉਂਦੇ ਸਨ। ਇਹ ਮਨੁੱਖੀ ਮਨਾ ਅੰਦਰਲੀਆਂ ਖੁਸ਼ੀਆਂ ਅਤੇ ਵੇਦਨਾਵਾਂ ਦੇ ਗੁੱਝੇ ਪ੍ਰਗਟਾਓ ਹੋਇਆ ਕਰਦੇ ਸਨ। ਵਿਆਹ ਸਮੇਂ ਦੇ ਹਲਕੇ-ਫੁਲਕੇ, ਹਾਸੇ-ਠਾਠੇ ਅਤੇ ਵਿਅੰਗਮਈ ਰਸ ਨਾਲ ਲਬਰੇਜ਼, ਤਿੱਖੀ ਮਜ਼ਾਕੀਆ ਵਿਧੀ ਸੀ-ਸਿੱਠਣੀਆਂ। ਨਾਨਕਿਆਂ ਦੇ ਆਉਣ ਸਮੇਂ ਦੀ ਸਿੱਠਣੀ ਦੀ ਵੰਨਗੀ-

ਛੱਜ ਉਹਲੇ ਛਾਨਣੀ, ਪਰਾਤ ਉਹਲੇ ਡੋਈ ਵੇ
ਨਾਨਕੀਆਂ ਦਾ ਮੇਲ਼ ਆਇਆ, ਚੱਜ ਦੀ ਨਾ ਕੋਈ ਵੇ।
ਛੱਜ ਉਹਲੇ ਛਾਨਣੀ, ਪਰਾਤ ਓਹਲੇ ਰੋਟੀਆਂ
ਨਾਨਕੀਆਂ ਦਾ ਮੇਲ ਆਇਆ, ਸੱਭੇ ਰੰਨਾਂ ਮੋਟੀਆਂ।
ਕਿੱਧਰ ਗਈਆਂ ਨੀ, ਬੀਬੀ ਤੇਰੀਆਂ ਨਾਨਕੀਆਂ
ਉਨ੍ਹਾਂ ਖਾਧੇ ਸੀ ਲੱਡੂ, ਜੰਮੇ ਸੀ ਡੱਡੂ
ਛੱਪੜਾਂ 'ਤੇ ਗਈਆਂ ਨੀ, ਬੀਬੀ ਤੇਰੀਆਂ ਨਾਨਕੀਆਂ।

ਵਿਆਹ ਦੇ ਹਰ ਮੌਕੇ-ਬਰਾਤ ਆਉਣ, ਰੋਟੀ ਖਾਣ, ਬਰੀ ਤੇ ਦਾਜ ਦਿਖਾਉਣ ਅਤੇ ਲੜਕੀ ਦੇ ਵਿਦਾ ਕਰਨ ਸਮੇਂ ਵੱਖਰੀਆਂ ਵੱਖਰੀਆਂ ਢੁਕਵੀਆਂ ਸਿੱਠਣੀਆਂ ਹੁੰਦੀਆਂ ਸਨ। ਵਿਆਹਾਂ ਦੇ ਮੈਰਿਜ ਪੈਲੇਸ ਕਲਚਰ ਨੇ ਸਭ ਕੁੱਝ ਮਲੀਆਮੇਟ ਕਰ ਦਿੱਤਾ ਹੈ। ਇਨ੍ਹਾਂ ਦੇ ਮੁੜ ਸਜੀਵ ਹੋਣ ਦੀ ਕੋਈ ਉਮੀਦ ਨਹੀਂ। ਇਹ ਸਾਡੇ ਵਿਰਸੇ ਦੇ ਕੀਮਤੀ ਰਤਨ ਹਨ।

* * * * *

ਸਖਤ ਰਾਹੋਂ ਪੇ ਆਸਾਂ ਸਫਰ ਲਗਤਾ ਹੈ,
ਯੇਹ ਮੇਰੀ ਮਾਂ ਕੀ ਦੁਆਓਂ ਕਾ ਅਸਰ ਲਗਤਾ ਹੈ।



## NEW FIVE YEAR MEMBERS OF "SAINI SANSAR"

Continued from page 24 of 32nd Issue

775. **S. Amarjeet Singh**
Chandigarh Road, Nawanshahr

776. **S. Tajinder Singh**
Sadar Bazar, Ropar

777. **S. Gurnam Singh**
Ladies Fashion World, Ropar

778. **S. Avtar Singh Mehatpuri**
# 1389, Sec. 44-B, Chandigarh

779. **S. Jagir Singh**
Vill. Kherabad, Distt. Ropar

780. **Ms. Amanpreet Kaur**
# 1504E/1, Ranjeet Nagar, Kharar

781. **S. Karnail Singh**
# 4400/72, Narindera Colony, Ropar

782. **S. Surjeet Singh**
Vill. Panjora, Distt. Hoshiarpur

783. **S. Surinder Singh**
# 73, Ranjeet Avenue, Ropar

784. **S. Jagmohan Singh**
# 63, G.Z.S. Nagar, Ropar

785. **S. Gurmail Singh**
# 13, Dashmesh Nagar, Ropar

786. **S. Ajitkanwal Singh**
# 1368, Sec. 28-B, Chandigarh

787. **S. Gurvinder Singh Saini**
Aspirants IAS Institute, 2224A, Sec. 72, Mohali

788. **S. Surjan Singh**
Vill. Sainia, P.O. Karni Khera, Fazilka

789. **S. Gurpreet Singh**
Suresh Wala Saina, P.O. Karni Khera, Distt. Fazilka

790. **S. Sukhwinder Singh Salaria**
Preet Colony, Ropar

791. **S. Jasbir Singh**
VPO Ghaunli, Ropar

792. **S. Saminder Singh**
VPO Dhamana, Teh. APS, Distt. Ropar

793. **Sh. Ram Kumar**
VPO Mukari, Teh. APS, Distt. Ropar

794. **S. Surinder Singh**
# 118-19, Gillco Valley, Ropar

795. **S. Karanjit Singh**
72/2A, Saini Bhawan Road, Ropar

792. **S. Harmel Singh**
VPO Kotla Nihang, Distt. Ropar

793. **Sh. Dhian Singh**
VPO Shampura, Distt. Ropar

794. **Sh. P.C. Saini**
# Golden City, Nangal Road, Ropar

Compiled by:
**Ajmer Singh Dhamrait**



## New Life Members of Saini Bhawan

Continued from page 24 of 32nd Issue

1. **Sh.Narinder Saini** S/o Sh. Hari Chand, V. Ahmedpur, Distt. Rupnagar



2. **S. Gurmeet Singh** s/o S. Bikkar Singh, Sikh lanes Near Police lines, Hoshiarpur



3. **S. Lakhvinder Singh** s/o S. Gian Singh, V. Bela, Distt. Rupnagar



4. **S. Jagbir Singh** s/o S. Balwinder Singh Prop. J.R. Hotel Bela, Distt. Rupnagar



Compiled by:
**Gurcharan Singh**

ਮਹਾਨ ਚਿੱਤਰਕਾਰ



# ਵਿਨਸੈਂਟ ਵਿਲੀਅਮ ਵਾਨ ਗਾਗ

**ਬਲਬੀਰ ਸਿੰਘ ਸੈਣੀ**
**ਰੋਪੜ**

ਵਾਨ ਗਾਗ ਸੰਸਾਰ ਦਾ ਇਕ ਅਜਿਹਾ ਲਾਸਾਨੀ ਚਿੱਤਰਕਾਰ ਹੋਇਆ ਹੈ ਜੋ ਜੀਵਨ ਭਰ ਭੁੱਖ-ਨੰਗ ਤੇ ਕੰਗਾਲੀ ਦੀ ਹਨੇਰੀ ਬਸਤੀ ਵਿਚ ਗੁੰਮ ਸੁੰਮ ਜੀਵਨ ਗੁਜ਼ਾਰਦਾ ਰਿਹਾ ਰਿਹਾ ਪ੍ਰੰਤੂ ਉਹਦੇ ਮਰਨ ਤੋਂ ਬਾਅਦ ਉਹਦੀਆਂ ਕਲਾ ਕ੍ਰਿਤਾਂ ਦਾ ਕਰੋੜਾਂ ਰੁਪਏ (ਲੱਖਾਂ ਡਾਲਰ) ਮੁੱਲ ਪਿਆ। ਮੌਤ ਤੋਂ 125 ਸਾਲਾਂ ਬਾਅਦ ਵੀ ਇਨ੍ਹਾਂ ਦੀ ਕੀਮਤ ਲਗਾਤਾਰ ਵਧਦੀ ਜਾ ਰਹੀ ਹੈ। ਕਲਾ ਦੇ ਇਤਿਹਾਸ ਵਿਚ ਅੱਜ ਤਕ ਕਿਸੇ ਵੀ ਕਲਾਕਾਰ ਦੀ ਕਲਾ ਕ੍ਰਿਤ ਦਾ ਇੰਨਾ ਮੁੱਲ ਨਹੀਂ ਪਿਆ। ਵਾਨ ਗਾਗ ਦੇ ਚਿੱਤਰਾਂ ਵਿਚ ਇਕ ਅਦੁਤੀ ਗਹਿਰਾਈ, ਸੰਵੇਦਨਸ਼ੀਲਤਾ ਤੇ ਮਨੁੱਖੀ ਜੀਵਨ ਦੇ ਸੰਤਾਪ ਦੀ ਤਸਵੀਰ ਮਿਲਦੀ ਹੈ। ਉਹਦੇ ਚਿਤੱਰ ਉਹਦੇ ਸਮੇਂ ਤੋਂ ਬਹੁਤ ਅਗਾਂਹ ਸਨ। ਲੋਕ ਉਹਦੇ ਚਿੱਤਰਾਂ ਉਤੇ ਹੱਸਦੇ ਸਨ। ਚਿੱਤਰਕਾਰੀ ਦੇ ਸੰਸਾਰ ਵਿਚ ਇਹ ਇਕ ਨਵੀਂ ਸ਼ੁਰੂਆਤ ਸੀ। ਉਸ ਨੇ ਉਮਰ ਦੇ ਆਖਰੀ ਦੋ ਸਾਲਾਂ ਦੌਰਾਨ ਹੀ 2100 ਚਿੱਤਰ ਬਣਾਏ।

ਵਾਨ ਗਾਗ ਦਾ ਜਨਮ ਹਾਲੈਂਡ ਦੇਸ਼ ਦੇ ਇੱਕ ਗਰੀਬ ਪਰਿਵਾਰ ਵਿੱਚ 30 ਮਾਰਚ 1853 ਨੂੰ ਹੋਇਆ। ਉਸ ਦਾ ਪਿਤਾ ਇਕ ਕੋਲੇ ਦੀ ਖਾਣ ਵਿਚ ਕੰਮ ਕਰਦਾ ਸੀ ਤੇ ਬੜੀ ਥੋੜ੍ਹੀ ਜਿਹੀ ਤਨਖਾਹ ਲੈਂਦਾਂ ਸੀ। ਵਾਨ ਗਾਗ ਚਿੱਤਰਕਾਰ ਬਣਨਾ ਚਾਹੁੰਦਾ ਸੀ। ਪਰ ਘਰ ਵਾਲੇ ਸਹਿਮਤ ਨਹੀਂ ਸਨ ਜਿਸ ਕਾਰਨ ਉਨ੍ਹਾਂ ਨੇ ਉਹਨੂੰ ਘਰੋਂ ਬਾਹਰ ਕੱਢ ਦਿੱਤਾ। ਵਾਨ ਗਾਗ ਦਾ ਛੋਟਾ ਭਰਾ ਉਹਨੂੰ ਹਰ ਹਫਤੇ ਪੈਸੇ ਭੇਜਦਾ ਸੀ ਤਾਂਕਿ ਦਾ ਉਹਦਾ ਰਹਿਣ ਸਹਿਣ ਦਾ ਗੁਜ਼ਾਰਾ ਚਲ ਸਕੇ ਪ੍ਰੰਤੂ ਉਹ ਉਨ੍ਹਾਂ ਪੈਸਿਆਂ ਨਾਲ ਚਿੱਤਰਾਂ ਲਈ ਰੰਗ ਤੇ ਕੈਨਵੈਸ ਆਦਿ ਖਰੀਦ ਲੈਂਦਾ ਸੀ ਅਤੇ ਖੁਦ ਕਈ ਕਈ ਦਿਨ ਭੁੱਖਾ ਰਹਿੰਦਾ ਸੀ।

ਉਹਦਾ ਭਰਾ ਜਾਣਦਾ ਸੀ ਕਿ ਕੋਈ ਵੀ ਉਹਦੇ ਚਿੱਤਰਾਂ ਨੂੰ ਨਹੀਂ ਸਮਝਦਾ। ਉਹਨੂੰ ਮਹਿਸੂਸ ਹੁੰਦਾ ਸੀ ਕਿ ਇਹਦੇ ਕਰ ਕੇ ਵਾਨ ਗਾਗ ਨੂੰ ਕਿੰਨਾ ਦੁਖ ਤੇ ਕਸ਼ਟ ਹੁੰਦਾ ਹੋਵੇਗਾ। ਉਹਨੇ ਆਪਣੇ ਇਕ ਦੋਸਤ ਨੂੰ ਆਪਣੇ ਕੋਲੋਂ ਪੈਸੇ ਦੇ ਕੇ ਵਾਗ ਗਾਗ ਤੋਂ ਇੱਕ ਚਿੱਤਰ ਖਰੀਦਣ ਲਈ ਭੇਜਿਆ। ਉਸ ਵਿਅਕਤੀ ਨੂੰ ਚਿਤਰਕਾਰੀ ਦੀ ਕੋਈ ਸਮਝ ਨਹੀਂ ਸੀ। ਵਾਨ ਗਾਗ ਬਹੁਤ ਖੁਸ਼ ਹੋਇਆ। ਉਹ ਉਹਨੂੰ ਆਪਣੇ ਸਾਰੇ ਚਿੱਤਰ ਦਿਖਾਉਣ ਲੱਗਾ ਪ੍ਰਤੂੰ ਉਹ ਵਿਅਕਤੀ ਬੋਲਿਆ ਕੋਈ ਵੀ ਚਿੱਤਰ ਦੇ ਦਿਉ ਮੇਰਾ ਸਮਾਂ ਨਾ ਖਰਾਬ ਕਰੋ । ਇਹ ਪੈਸੇ ਪਏ ਹਨ"। ਵਾਨ ਗਾਗ ਨੂੰ ਬਹੁੱਤ ਧੱਕਾ ਲੱਗਾ ਕਿਉਂਕਿ ਉਸ ਆਦਮੀ ਨੇ ਤਾਂ ਚਿੱਤਰਾਂ ਨੂੰ ਦੇਖਿਆ ਤਕ ਨਹੀਂ ਸੀ ।ਉਸ ਨੇ ਗੁੱਸੇ ਵਿਚ ਕਿਹਾ, "ਇਹ ਚਿੱਤਰ ਵਿਕਰੀ ਲਈ ਨਹੀਂ। ਮੈਨੂੰ ਪਤਾ ਹੈ ਤੈਨੂੰ ਮੇਰੇ ਭਰਾ ਨੇ ਭੇਜਿਆ ਹੈ ਤਾਕਿ ਮੈਨੂੰ ਥੋੜੀ ਸੰਤੁਸ਼ਟੀ ਮਿਲ ਸਕੇ। ਨਿਕਲ ਜਾ ਇਥੋਂ। ਮੈਨੂੰ ਆਪਣੇ ਚਿੱਤਰ ਵੇਚਣ ਨਾਲ ਸਕੂਨ ਨਹੀਂ ਮਿਲਦਾ-ਮੈਨੂੰ ਉਨ੍ਹਾਂ ਦੇ ਬਨਾਉਣ ਵਿਚ ਹੀ ਸਕੂਨ ਮਿਲਦਾ ਹੈ।... ਇਹ ਕੋਈ ਵਸਤੂਆਂ ਨਹੀਂ ਹਨ-ਸਿਰਜਣਾ ਹਨ। ਜਿਵੇਂ ਪ੍ਰਕ੍ਰਿਤੀ ਸਿਰਜਣਾ ਕਰਦੀ ਹੈ, ਮੈਂ ਵੀ ਸਿਰਜਣਾ ਕਰਦਾ ਹਾਂ ਅਤੇ ਮੈਂ ਪ੍ਰਕ੍ਰਿਤੀ ਦਾ ਹਿੱਸਾ ਹਾਂ"।



ਵਾਨ ਗਾਗ ਦਾ ਭਰਾ ਉਹਨੂੰ ਬਹੁਤ ਪਿਆਰ ਕਰਦਾ ਸੀ। ਉਹਨੂੰ ਵਾਨ ਗਾਗ 'ਤੇ ਬਹੁਤ ਤਰਸ ਆਉਂਦਾ ਸੀ। ਨਾ ਉਹ ਕਿਸੇ ਨੂੰ ਨੁਕਸਾਨ ਪਹੁੰਚਾਉਂਦਾ ਸੀ, ਨਾ ਉਹ ਕੁੱਝ ਹੋਰ ਕਰਦਾ , ਫਿਰ ਵੀ ਸਾਰੇ ਉਹਦੇ ਖ਼ਿਲਾਫ਼ ਸਨ। ਉਹਦਾ ਕਸੂਰ ਬਸ ਇੰਨਾ ਸੀ ਕਿ ਉਹ ਭੀੜ ਦੇ ਨਾਲ ਨਹੀਂ ਚੱਲ ਰਿਹਾ ਸੀ। ਉਹਦੇ ਭਰਾ ਨੇ ਇਹ ਦੇਖ ਕੇ ਕਿ ਉਹ ਤੀਹ ਸਾਲਾਂ ਦਾ ਹੋ ਗਿਆ ਹੈ ਤੇ ਪੂਰੇ ਜੀਵਨ ਵਿੱਚ ਉਹਨੇ ਪ੍ਰੇਮ ਨੂੰ ਜਾਣਿਆਂ ਤੱਕ ਨਹੀਂ, ਇੱਕ ਵੇਸਵਾ ਨੂੰ ਪੈਸੇ ਦੇ ਕੇ ਕਿਹਾ ਕਿ ਉਹਦੇ ਨਾਲ ਘੱਟੋਂ-ਘੱਟ ਪ੍ਰੇਮ ਦਾ ਨਾਟਕ ਹੀ ਕਰ ਲਵੇ। ਵੇਸਵਾ ਤਿਆਰ ਹੋ ਗਈ ਕਿਉਕਿ ਇਹ ਤਾਂ ਉਹਦਾ ਪੇਸ਼ਾ ਹੀ ਸੀ। ਉਹ ਉਸ ਨੂੰ ਇਵੇਂ ਮਿਲੀ ਕਿ ਜਿਵੇਂ ਸੰਯੋਗ ਨਾਲ ਹੀ ਮਿਲ ਗਈ ਹੋਵੇ ਅਤੇ ਉਹਦੇ ਚਿੱਤਰਾਂ ਬਾਰੇ ਗੱਲ ਕਰਨ ਲੱਗੀ । ਫਿਰ ਗੱਲਾਂ ਹੀ ਗੱਲਾਂ ਵਿਚ ਉਹਨੇ ਉਸ ਨੂੰ ਕਿਹਾ "ਤੁਸੀਂ ਬੜੇ ਸੋਹਣੇ ਹੋ"। ਪਹਿਲਾਂ ਉਹਨੂੰ ਕਿਸੇ ਨੇ ਵੀ ਇਵੇਂ ਕਿਹਾ ਹੀ ਨਹੀ ਸੀ। ਵਾਨ ਗਾਗ ਬੋਲਿਆ , "ਮੇਰੇ ਵਿਚ ਤੈਨੂੰ ਕੀ ਚੀਜ਼ ਸੁੰਦਰ ਲਗਦੀ ਹੈ?" ਵਾਨ ਗਾਗ ਬਹੁਤ ਸੁੰਦਰ ਆਦਮੀ ਨਹੀਂ ਸੀ। ਕੁਝ ਨਾ ਸੁਝਣ ਤੇ ਵੇਸ਼ਵਾ ਨੇ ਕਿਹਾ, " ਮੈਨੂੰ ਤੁਹਾਡੇ ਕੰਨ ਬਹੁਤ ਚੰਗੇ ਲਗਦੇ ਹਨ। " ਅੱਧੀ ਰਾਤ ਨੂੰ ਵਾਨ ਗਾਗ ਉਹਦੇ ਘਰ ਪਹੁੰਚ ਗਿਆ। ਆਪਣੇ ਦੋਵੇਂ ਕੰਨ ਕੱਟ ਕੇ ਉਹ ਇਕ ਪੈਕਟ ਵਿਚ ਪਾ ਲਿਆਇਆ। ਉਸ ਔਰਤ ਨੂੰ ਪੈਕਟ ਪੇਸ਼ ਕਰਦਿਆਂ ਉਹਨੇ ਕਿਹਾ, "ਮੇਰੇ ਪੂਰੇ ਜੀਵਨ ਵਿੱਚ ਪਹਿਲੀ ਵਾਰ ਕਿਸੇ ਨੇ ਮੇਰੀ ਚੀਜ਼ ਨੂੰ ਪਸੰਦ ਕੀਤਾ ਹੈ। ਇਹ ਮੈਂ ਤੈਨੂੰ ਦੇਣਾ ਚਾਹੁੰਦਾ ਹਾਂ- ਤੂੰ ਇਹ ਰੱਖ ਸਕਦੀ ਹੈ। " ਉਹ ਔਰਤ ਤਾਂ ਬੁਰੀ ਤਰ੍ਹਾਂ ਡਰ ਗਈ। ਉਹਨੇ ਸੋਚਿਆ ਇਹ ਤਾਂ ਸਚਮੁਚ ਪਾਗ਼ਲ ਹੈ। ਉਹਨੂੰ ਪਾਗ਼ਲ ਕਰਾਰ ਦੇ ਦਿੱਤਾ ਗਿਆ। ਉਥੇ ਉਹ ਇਕ ਸਾਲ ਤਕ ਰਿਹਾ। ਪਾਗ਼ਲਖ਼ਾਨੇ ਵਿਚ ਉਹਨੇ

ਜਿਹੜੇ ਚਿਤਰ ਬਣਾਏ, ਉਹ ਸੱਭ ਤੋਂ ਸੁੰਦਰ ਸਨ ਕਿਉਂਕਿ ਉਥੇ ਨਾ ਤਾਂ ਭੋਜਨ ਦੀ ਸਮੱਸਿਆ ਸੀ, ਨਾ ਨਹਾਉਣ ਦੀ, ਨਾ ਕੱਪੜਿਆਂ ਦੀ। ਸੱਭ ਕੁੱਝ ਪਾਗ਼ਲਖਾਨੇ ਵਿਚ ਮਿਲਦਾ ਸੀ। ਇਥੇ ਤਿਆਰ ਕੀਤੇ ਹੋਏ ਉਹਦੇ ਸੌ ਚਿੱਤਰ ਹੀ ਬਚੇ ਹਨ।

ਮਾਨਵ ਵਿਗਿਆਨੀਆਂ ਤੇ ਪਾਗਲਖਾਨੇ ਦੇ ਦੂਸਰੇ ਮਾਹਰ ਡਾਕਟਰਾਂ ਨੇ ਦੇਖਿਆ ਕਿ ਵਾਨ ਗਾਗ ਪਾਗਲ ਨਹੀਂ- ਬਸ ਉਹ ਅਸਾਧਰਣ ਹੈ. ਸਵੇਰ ਤੋਂ ਸ਼ਾਮ ਤਕ ਉਹ ਆਪਣੀ ਚਿੱਤਰਕਾਰੀ ਵਿੱਚ ਮਗਨ ਰਹਿੰਦਾ ਸੀ ਅਤੇ ਖਾਣਾ ਵੀ ਰਾਤ ਨੂੰ ਜਾ ਕੇ ਖਾਂਦਾ ਸੀ। ਪਾਗਲਖਾਨੇ ਤੋਂ ਉਹਨੂੰ ਛੁੱਟੀ ਦੇ ਦਿਤੀ ਗਈ ਤੇ ਕੁੱਝ ਹੀ ਦਿਨਾਂ ਬਾਅਦ 29 ਜੁਲਾਈ 1890 ਨੂੰ ਕੇਵਲ 37 ਸਾਲ ਦੀ ਉਮਰ ਵਿੱਚ ਹੀ ਉਹਨੇ ਆਤਮ ਹੱਤਿਆ ਕਰ ਲਈ। ਉਹਨੇ ਆਪਣੇ ਭਰਾ ਦੇ ਨਾਂ ਇੱਕ ਖਤ ਲਿਖਿਆ, "ਜਿਹੜੇ ਚਿੱਤਰ ਮੈ ਬਣਾਉਣੇ ਚਾਹੁੰਦਾ ਸੀ, ਉਹ ਮੈ ਬਣਾ ਲਏ ਹਨ."

ਉਹ ਸੂਰਜ ਨੂੰ ਇਵੇਂ ਚਿੱਤਰਤ ਕਰਨਾ ਚਾਹੁੰਦਾ ਸੀ ਜਿਵੇਂ ਅੱਜ ਤਕ ਕਿਸੇ ਨੇ ਵੀ ਨਾ ਕੀਤਾ ਹੋਵੇ। ਇੱਕ ਸਾਲ ਤੱਕ ਉਹ ਸੂਰਜ ਦੀਆਂ ਸਾਰੀਆਂ ਭਾਵ-ਦਿਸ਼ਾਵਾਂ ਨੂੰ ਉਸ ਦੇ ਸਾਰੇ ਰੰਗਾਂ ਤੇ ਉਸ ਦੇ ਸਾਰੇ ਚਿੱਤਰਾਂ ਨੂੰ ਚਿਤਰਿਤ ਕਰਦਾ ਰਿਹਾ। ਸੂਰਜ ਦੇ ਚੜ੍ਹਨ ਤੋ ਛੁਪਣ ਤਕ ਦੇ ਤੇ ਦੁਪਹਿਰ ਦੇ ਉਹਨੇ ਸੈਂਕੜੇ ਚਿੱਤਰ ਬਣਾਏ। ਜਦੋਂ ਉਹਨੂੰ ਲੱਗਾ ਕਿ ਉਹ ਜੋ ਕਰਨਾ ਚਾਹੁੰਦਾ ਹੈ, ਕਰ ਚੁਕਿਆ ਹੈ, ਫਿਰ ਜਿਊਣ ਦੀ ਕੋਈ ਜ਼ਰੂਰਤ ਨਹੀਂ। ਹੁਣ ਉਹ ਪੂਰੀ ਤਰ੍ਹਾਂ ਤ੍ਰਿਪਤ ਸੀ। ਉਹਨੇ ਲਿਖਿਆ,"ਕਿਰਪਾ ਕਰ ਕੇ ਇਹਨੂੰ ਆਤਮਹੱਤਿਆ ਨਾ ਸਮਝਣਾ। ਬੱਸ ਹੁਣ ਮੇਰੇ ਕੋਲ ਜਿਊਣ ਦਾ ਕੋਈ ਕਾਰਨ ਨਹੀਂ ਰਹਿ ਗਿਆ। ਮੈਨੂੰ ਮਾਫ ਕਰਨਾ, ਮੈ ਉਸ ਭੀੜ ਦਾ ਹਿੱਸਾ ਨਹੀਂ ਹਾਂ ਜਿਥੇ ਲੋਕ ਬਿਨਾ ਕਾਰਨ ਜੀਵੀ ਚਲੇ ਜਾ ਰਹੇ ਹਨ"।

* * * * *

## ਜਿਨ੍ਹਾਂ ਦੇਸ਼ ਦੀ ਖਾਤਰ ਜਾਨ ਵਾਰੀ



ਨਵੀਂ ਦਿੱਲੀ ਵਿਖੇ ਕੌਮੀ ਜੰਗੀ ਯਾਦਗਾਰ ਨੇੜੇ ਪਰਮ ਯੋਧਾ ਸਥਲ ਵਿੱਚ ਸਥਾਪਤ ਪਰਮਵੀਰ ਚੱਕਰ ਵਿਜੇਤਾ ਸੂਬੇਦਾਰ ਜੋਗਿੰਦਰ ਸਿੰਘ ਦਾ ਬੁੱਤ। ਸੈਣੀ ਬਰਾਦਰੀ ਦਾ ਇਹ ਯੋਧਾ 1962 ਦੀ ਭਾਰਤ-ਚੀਨ ਜੰਗ ਸਮੇਂ ਨੇਫਾ ਬਾਰਡਰ'ਤੇ ਦੁਸ਼ਮਣ ਵਿਰੁੱਧ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪਾ ਗਿਆ ਸੀ।

### ਵਿਦੇਸ਼ਾਂ ਵਿੱਚ ਸੈਣੀ ਬਰਾਦਰੀ ਦੀ ਆਨ-ਸ਼ਾਨ

## ਪਿਸਤਾ ਬਾਦਸ਼ਾਹ - ਮੁੰਗੇਰ ਪਰਿਵਾਰ

ਅਮਰੀਕਾ ਵਿੱਚ ਕੈਲੇਫੋਰਨੀਆਂ ਸੂਬੇ ਦੇ ਬੇਕਰਜ਼ਫੀਲਡ ਸ਼ਹਿਰ ਦਾ ਮੁੰਗੇਰ ਪਰਿਵਾਰ, ਪਿਸਤਾ( ਖੁਸ਼ਕ ਫਲ) ਦੀ ਉਪਜ ਕਰਨ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਕਾਰੋਬਾਰੀ ਹੈ। ਹਰ ਸਾਲ ਅਮਰੀਕਾ ਦੀ ਕੁੱਲ ਪਿਸਤਾ ਉਪਜ ਦਾ 5-7% ( 15 ਮਿਲੀਅਨ ਪੌਂਡ) ਇਨ੍ਹਾਂ ਦੇ ਬਾਗਾਂ ਵਿੱਚ ਪੈਦਾ ਹੁੰਦਾ ਹੈ। ਇਸ ਤੋਂ ਇਨ੍ਹਾਂ ਨੂੰ 30 ਮਿਲੀਅਨ ਡਾਲਰ ਦੀ ਕਮਾਈ ਹੁੰਦੀ ਹੈ।



ਇਸ ਪਰਿਵਾਰ ਪਾਸ 7000 ਹਜ਼ਾਰ ਏਕੜ ਉਪਜਾਊ ਜ਼ਮੀਨ ਹੈ ਜਿਸ ਨਾਲ ਉਹ ਐਗਰੋਬਿਜ਼ਨਸ ਕੀਤਾ ਜਾ ਰਿਹਾ ਹੈ। ਇਸ ਪ੍ਰਾਪਤੀ ਦਾ ਸਿਹਰਾ ਸ਼੍ਰੀ ਲਾਜਪਤ ਰਾਏ ਮੁੰਗੇਰ ਜੀ ਦੇ ਸਿਰ ਬੱਝਦਾ ਹੈ ਜਿਨ੍ਹਾਂ ਨੇ ਬੇਗਾਨੀ ਧਰਤੀ 'ਤੇ ਜਾ ਕੇ ਸਖਤ ਘਾਲਣਾ ਘਾਲੀ।

ਸ਼੍ਰੀ ਲਾਜਪਤ ਰਾਏ ਮੁੰਗੇਰ ਹੁਸ਼ਿਆਰਪੁਰ ਦੇ ਨਜ਼ਦੀਕ ਪਿੰਡ ਨੰਗਲ ਸ਼ਹੀਦਾਂ ਦੇ ਸਾਧਾਰਨ ਕਿਸਾਨੀ ਸੈਣੀ ਪਰਿਵਾਰ ਵਿੱਚ 21 ਜਨਵਰੀ 1917 ਵਿੱਚ ਪੈਦਾ ਹੋਏ। ਪੰਜਾਬ ਵਿੱਚ ਕਮਾਈ ਦਾ ਕੋਈ ਵਧੀਆ ਵਸੀਲਾ ਨਾ ਹੋਣ ਕਾਰਨ ਨੌਜਵਾਨ ਮੁੰਗੇਰ 1966 ਵਿੱਚ ਅਮਰੀਕਾ ਚਲੇ ਗਿਆ ਜਿੱਥੇ ਉਹ ਆੜੂਆਂ ਅਤੇ ਅਖਰੋਟਾਂ ਦੇ ਬਾਗਾਂ ਵਿੱਚ ਮਜ਼ਦੂਰ ਦਾ ਸਖਤ ਕੰਮ ਕਰਦਿਆਂ ਕਮਾਈ ਕਰ ਕੇ ਇਨ੍ਹਾਂ ਦਾ ਮਾਲਕ ਬਣ ਗਿਆ। ਉਸ ਨੇ ਇਸ ਦਾ ਨਾਂ 'ਮੁੰਗੇਰ ਫਾਰਮਜ਼' ਰੱਖਿਆ ਅਤੇ ਇਸ ਤੋਂ ਹੋਈ ਉਪਜ ਨੂੰ 'ਮੁੰਗੇਰ ਕੰਪਨੀ' ਬਣਾ ਕੇ ਵੇਚਣਾ ਸ਼ੁਰੂ ਕਰ ਦਿੱਤਾ। ਕੁੱਝ ਸਾਲਾਂ ਵਿੱਚ ਹੀ ਉਹ ਪਿਸਤਾ ਅਤੇ ਬਲੂ ਬੇਰੀ ਦਾ ਵਿਸ਼ਵ ਪੱਧਰੀ ਵਪਾਰੀ ਬਣ ਗਿਆ।

ਸ਼੍ਰੀ ਲਾਜਪਤ ਰਾਏ ਮੁੰਗੇਰ, 1988 ਵਿੱਚ ਆਪਣਾ ਖੇਤੀ-ਕਾਰੋਬਾਰ ਦੋ ਪੁੱਤਰਾਂ- ਬਲਦੇਵ(ਡੇਵਿਡ) ਮੁੰਗੇਰ ਅਤੇ ਕੇਵਲ(ਕਾਬਲ) ਮੁੰਗੇਰ ਨੇ ਸੌਂਪ ਕੇ ਆਪਣੇ ਪਿੱਤਰੀ ਪਿੰਡ ਆ ਗਏ ਜਿੱਥੇ ਉਨ੍ਹਾਂ ਨੇ ਧਰਮ-ਕਰਮ, ਲੋਕ ਸੇਵਾ ਅਤੇ ਗਰੀਬਾਂ ਦੀ ਸਹਾਇਤਾ ਦੇ ਕਾਰਜ ਆਰੰਭ ਦਿੱਤੇ। ਆਪ ਨੇ ਹੁਸ਼ਿਆਰਪੁਰ ਦੇ ਪਾਸ ਬਜਵਾੜਾ ਪਿੰਡ ਵਿੱਚ 16 ਕਰੋੜ ਰੁਪਏ ਦੀ ਲਾਗਤ ਨਾਲ 'ਸਵਾਮੀ ਸਰਵਾਨੰਦ ਗਿਰ ਇੰਸਟੀਚਿਊਟ ਆਫ ਇਨਫਰਮੇਸ਼ਨ ਟੈਕਨਾਲੋਜੀ' ਸਥਾਪਤ ਕਰਕੇ ਉਸ ਨੂੰ ਕੈਲੇਫੋਰਨੀਆਂ ਸਟੇਟ ਯੂਨੀਵਰਸਿਟੀ ਫਰੈਸਨੋ( ਯੂ.ਐਸ.ਏ.) ਨਾਲ ਐਫਲੀਏਟ ਕਰਵਾਇਆ। ਇਸ ਤੋਂ ਇਲਾਵਾ ਪਿੰਡ ਵਿੱਚ ਇੱਕ ਚੈਰੀਟੇਬਲ ਹਸਪਤਾਲ ਅਤੇ ਮੰਦਿਰ ਬਣਵਾਇਆ ਹੈ। ਆਪ ਨੇ ਅਮਰੀਕਾ ਵਿੱਚ ਕੈਲੇਫੋਰਨੀਆਂ ਸਟੇਟ ਯੂਨੀਵਰਸਿਟੀ ਫਰੈਸਨੋ ਅਤੇ ਬੇਕਰਜ਼ਫੀਲਡ ਮੈਮੋਰੀਅਲ ਹਸਪਤਾਲ ਨੂੰ ਵੀ ਦਿਲ ਖੋਲ੍ਹ ਕੇ

ਬਾਕੀ ਸਫਾ 20 ਤੇ ....

## ਸੈਣੀ ਸਮਾਚਾਰ

• ਰੂਪਨਗਰ ਸ਼ਹਿਰ ਦੇ ਵਾਸੀ, ਉੱਘੇ ਕਾਰੋਬਾਰੀ ਤੇ ਸਮਾਜਸੇਵੀ **ਸ. ਜਰਨੈਲ ਸਿੰਘ ਕਾਬੜਵਾਲ** ਨੂੰ ਬਲਾਕ ਕਾਂਗਰਸ ਕਮੇਟੀ ਰੂਪਨਗਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਤਹੱਈਆ ਕੀਤਾ ਹੈ।

• ਰੂਪਨਗਰ ਜ਼ਿਲ੍ਹੇ ਦੇ ਪਿੰਡ ਸਸਕੌਰ ਦੇ ਸਾਬਕਾ ਸਰਪੰਚ **ਸ. ਜਸਵੀਰ ਸਿੰਘ ਸੈਣੀ** ਨੂੰ ਬਲਾਕ ਕਾਂਗਰਸ ਕਮੇਟੀ ਨੂਰਪੁਰ ਬੇਦੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਹ ਸਮਰਪਿਤ ਸਮਾਜ ਸੇਵੀ ਹਨ।

• ਸ਼੍ਰੋਮਣੀ ਅਕਾਲੀ ਦਲ ਨੇ **ਸ. ਹਰਭਾਗ ਸਿੰਘ ਦੇਸੂਮਾਜਰਾ** ਨੂੰ ਪਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਕਰ ਕੇ ਬਰਾਦਰੀ ਨੂੰ ਮਾਣ ਬਖਸ਼ਿਆ ਹੈ। ਆਪ ਅਣਥੱਕ ਸਮਾਜਸੇਵੀ ਅਤੇ ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਤੇ ਸ਼ੁੱਭ ਚਿੰਤਕ ਹਨ।

• ਸੈਣੀ ਭਵਨ ਰੂਪਨਗਰ ਦੇ ਟਰੱਸਟੀ ਅਤੇ ਨਗਰ ਕੌਂਸਲ ਰੂਪਨਗਰ ਦੇ **ਐੱਮ. ਸੀ. ਗੁਰਮੁਖ ਸਿੰਘ** ਨੂੰ ਅਕਾਲੀ ਦੱਲ ਨੇ ਆਪਣੀ ਪਾਰਟੀ ਦਾ ਜਾਇੰਟ ਸਕੱਤਰ ਨਿਯੁਕਤ ਕੀਤਾ ਹੈ।

• ਭਾਰਤੀ ਮਹਿਲਾ ਹਾਕੀ ਟੀਮ ਦੇ ਮੁੱਖ ਕੋਚ, **ਓਲੰਪੀਅਨ ਸ. ਬਲਜੀਤ ਸਿੰਘ ਸੈਣੀ** ਨੇ ਅਰਜਨਟਾਈਨਾ ਵਿਖੇ ਹੋਈਆਂ ਯੂਥ ਓਲੰਪਿਕ ਖੇਡਾਂ ਵਿੱਚ ਟੀਮ ਨੂੰ ਚਾਂਦੀ ਦਾ ਤਮਗਾ ਜਿੱਤਣ ਦੇ ਯੋਗ ਬਣਾ ਕੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ।

• ਰੂਪਨਗਰ ਦੇ ਨਜ਼ਦੀਕ ਪਿੰਡ ਖੈਰਾਬਾਦ ਦੇ ਵਸਨੀਕ **ਓਲੰਪੀਅਨ ਧਰਮਵੀਰ ਸੈਣੀ** ਨੂੰ ਪੰਜਾਬ ਦੀ ਸੀਨੀਅਰ ਪੁਰਸ਼ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ ਹੈ। ਆਪ ਪੰਜਾਬ ਪੁਲਿਸ ਵਿੱਚ ਡੀ.ਐਸ.ਪੀ. ਦੇ ਅਹੁਦੇ 'ਤੇ ਤਾਇਨਾਤ ਹਨ।

• ਉੱਘੇ ਲਿਖਾਰੀ **ਸ. ਗੁਰਬਖਸ਼ ਸਿੰਘ ਸੈਣੀ** ਦੀ ਵਾਰਤਕ ਪੁਸਤਕ, ' ਹੂਕ ਢਾਈ ਦਰਿਆਵਾਂ ਦੀ' ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਰਿਲੀਜ਼ ਕੀਤੀ ਗਈ ਹੈ। ਆਪ ਪੰਚਕੂਲਾ ਦੇ ਵਸਨੀਕ ਹਨ।

• ਸੈਣੀ ਭਵਨ ਰੂਪਨਗਰ ਦੇ ਟਰੱਸਟੀ **ਸ. ਦਵਿੰਦਰ ਸਿੰਘ ਜਟਾਣਾ** 4 ਮਾਰਚ 2019 ਨੂੰ ਦੇਸ਼ ਭਰ ਦੇ 44 ਬੈਂਕਾਂ ਦੇ ਮੁਲਾਜ਼ਮਾਂ ਦੀ ਜਥੇਬੰਦੀ, ਨਾਰਥ ਸਟੇਟਸ ਬੈਂਕ ਰਿਟਾਇਰੀਜ਼ ਫੈਡਰੇਸ਼ਨ ਦੀ ਨੈਸ਼ਨਲ ਕਾਨਫਰੰਸ ਸਮੇਂ ਮੁੜ ਤਿੰਨ ਸਾਲ ਲਈ ਜਨਰਲ ਸਕੱਤਰ ਚੁਣੇ ਗਏ ਹਨ। ਇਸ ਦੇ ਨਾਲ ਹੀ ਆਪ ਨੂੰ ਆਲ ਇੰਡੀਆ ਬੈਂਕ ਰਿਟਾਇਰੀਜ਼ ਫੈਡਰੇਸ਼ਨ ਦੇ ਆਰਗੇਨਾਈਜ਼ਿੰਗ ਸਕੱਤਰ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਇਸ ਕਾਨਫਰੈਂਸ ਵਿੱਚ 1200 ਤੋਂ ਵੱਧ ਡੈਲੀਗੇਟਾਂ ਨੇ ਭਾਗ ਲਿਆ।

• ਚਮਕੌਰ ਸਾਹਿਬ ਠਾਣੇ ਦੇ ਮੁਖੀ ਇੰਸਪੈਕਟਰ **ਗੁਰਦੀਪ ਸਿੰਘ ਸੈਣੀ** ਤਰੱਕੀ ਕਰ ਕੇ ਡੀ.ਐਸ.ਪੀ.ਬਣੇ ਹਨ। ਆਪ ਇੱਕ ਪ੍ਰਤਿਬੱਧ ਤੇ ਇਮਾਨਦਾਰ ਪੁਲਿਸ ਅਧਿਕਾਰੀ ਹਨ।

• ਰੂਪਨਗਰ ਪੁਲਿਸ ਦੇ ਇੰਸਪੈਕਟਰ **ਸ਼੍ਰੀ ਮੁਕੇਸ਼ ਸੈਣੀ** ਆਪਣੀ ਇਮਾਨਦਾਰੀ ਤੇ ਮਿਹਨਤ ਸਦਕਾ ਤਰੱਕੀ ਕਰ ਕੇ ਪੁਲਿਸ ਦੇ ਡੀ.ਐਸ.ਪੀ. ਬਣ ਗਏ ਹਨ।

• ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਦੀ **ਸੈਣੀ ਕਲਿਆਣ ਸਭਾ ਨੇ ਸ਼੍ਰੀਮਤੀ ਸੰਤੋਸ਼ ਸੈਣੀ ਕੋਟਲਾ ਕਲਾਂ** ਨੂੰ ਸਭਾ ਦਾ ਕਾਰਜਕਾਰੀ ਪ੍ਰਧਾਨ ਅਤੇ **ਸ਼੍ਰੀ ਰਾਜੇਸ਼ ਸੈਣੀ** ਨੂੰ ਮੁੱਖ ਸਕੱਤਰ ਨਿਯੁਕਤ ਕੀਤਾ ਹੈ।

ਇਨ੍ਹਾਂ ਸਾਰੀਆਂ ਨਾਮਵਰ ਸਖਸ਼ੀਅਤਾਂ ਨੂੰ ਸੈਣੀ ਭਵਨ ਵਲੋਂ ਬਹੁਤ ਬਹੁਤ ਵਧਾਈ ਹੋਵੇ। ਅਸੀਂ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਇਨ੍ਹਾਂ ਨੂੰ ਸਮਾਜ ਅਤੇ ਬਰਾਦਰੀ ਦੀ ਵਧ ਚੜ੍ਹ ਕੇ ਸੇਵਾ ਕਰਨ ਦਾ ਬਲ ਬਖਸ਼ੇ।

### ਸ਼ਰਧਾਂਜਲੀ

ਮਾਸਟਰ ਮਿਲਖਾ ਸਿੰਘ ਜੀ ਵਾਸੀ ਪਿੰਡ ਮੁਜ਼ਾਫਤ, ਜ਼ਿਲ੍ਹਾ ਰੋਪੜ, ਅਕਾਲ ਚਲਾਣਾ ਕਰ ਗਏ ਹਨ। ਆਪ ਅਤਿ ਦੇ ਇਮਾਨਦਾਰ ਮਿਹਨਤੀ ਅਧਿਆਪਕ ਵਜੋਂ ਸਾਰੇ ਇਲਾਕੇ ਵਿੱਚ ਪ੍ਰਸਿੱਧ ਸਨ। ਆਪ ਦਾ ਵੱਡਾ ਸਪੁੱਤਰ ਸ. ਸਵਰਨਜੀਤ ਸਿੰਘ ਸੈਣੀ ਭਵਨ ਰੂਪਨਗਰ ਦਾ ਹਿਤੈਸ਼ੀ ਅਤੇ ਹਮਦਰਦ ਹੈ। ਪਰਮਾਤਮਾ ਵਿੱਛੜੀ ਆਤਮਾ ਨੂੰ ਆਪਣੇ ਚਰਨ ਵਿੱਚ ਨਿਵਾਸ ਬਖਸ਼ੇ।

.....ਸਫਾ 19 ਦੀ ਬਾਕੀ

ਵਿਤੀ ਦਾਨ ਦਿੱਤਾ ਹੈ।

ਆਪ ਦੀਆਂ ਸੱਤ ਧੀਆਂ-ਪੁੱਤ ਅਤੇ ਗਿਆਰਾਂ ਪੋਤੇ-ਪੋਤੀਆਂ ਹਨ। ਡਾ. ਮਨੀਸ਼ ਸੈਣੀ, ਸ਼੍ਰੀਮਤੀ ਪਰਮਜੀਤ ਮੁੰਗੇਰ ਸੈਣੀ, ਸ਼੍ਰੀ ਅਰਵਿੰਦ ਸੈਣੀ ਅਤੇ ਸ਼੍ਰੀਮਤੀ ਅੰਜਲੀ ਸੈਣੀ ਅਮਰੀਕਾ ਵਿੱਚ ਕਾਰੋਬਾਰ ਕਰਦੇ ਹਨ। ਸ਼੍ਰੀ ਲਾਜਪਤ ਰਾਏ ਮੁੰਗੇਰ 22 ਅਗਸਤ, 2016 ਨੂੰ 100 ਸਾਲ ਦੀ ਉਮਰ ਤੋਂ ਕੁੱਝ ਮਹੀਨੇ ਪਹਿਲਾਂ ਅਕਾਲ ਚਲਾਣਾ ਕਰ ਗਏ ਹਨ। ਆਪ ਜੀ ਵਲੋਂ ਕੀਤੇ ਹੋਏ ਮਨੁੱਖੀ ਕਾਰਜ ਹਮੇਸ਼ਾਂ ਯਾਦ ਕੀਤੇ ਜਾਣਗੇ। ਸੈਣੀ ਬਰਾਦਰੀ ਨੂੰ ਇਸ ਕਰਮਯੋਗੀ 'ਤੇ ਬਹੁਤ ਮਾਣ ਹੈ।



# ਸੈਣੀ ਭਵਨ ਦੀ ਸਾਲ 2018-19 ਦੀ ਕਾਰਗੁਜ਼ਾਰੀ

ਰਜਿੰਦਰ ਸਿੰਘ
ਰੂਪਨਗਰ

ਆਪਣੀ ਮਸਤ ਤੋਰ ਨੂੰ ਕਾਇਮ ਰੱਖਦਿਆਂ ਸੈਣੀ ਭਵਨ ਨੇ ਬੀਤੇ ਸਾਲ ਵਿੱਚ ਵੀ ਲੰਮੀਆਂ ਪੁਲਾਂਘਾਂ ਪੁਟੀਆਂ ਹਨ। ਇਨ੍ਹਾਂ ਵਿੱਚੋਂ ਕੁੱਝ ਮਹੱਤਵਪੂਰਨ ਇਸ ਪ੍ਰਕਾਰ ਹਨ;-

**ਸਾਲਾਨਾ ਸੈਣੀ ਸੰਮੇਲਨ–** ਸਾਲ 2018 ਵਿੱਚ 36ਵਾਂ ਸਾਲਾਨਾ ਸੈਣੀ ਸੰਮੇਲਨ 7 ਅਪ੍ਰੈਲ ਨੂੰ ਕਰਵਾਇਆ ਗਿਆ। ਇਸ ਦੇ ਮੁੱਖ ਮਹਿਮਾਨ ਉੱਘੇ ਸਮਾਜ ਸੇਵੀ ਚੰਡੀਗੜ੍ਹ ਵਾਸੀ ਸ. ਤਰਲੋਚਨ ਸਿੰਘ ਬਣੇ। ਇਸ ਸਮੇਂ ਸੈਣੀ ਬਰਾਦਰੀ ਦੀਆਂ 16 ਸਫਲ ਤੇ ਪ੍ਰਭਾਵਸ਼ਾਲੀ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿੱਚ ਅੰਤਰਰਾਸ਼ਟਰ ਪ੍ਰਸਿੱਧੀ ਪ੍ਰਾਪਤ ਵਿਗਿਆਨੀ ਡਾ. ਰਨਬੀਰ ਸਿੰਘ ਬਲਗੀਰ, ਉਘੇ ਪੱਤਰਕਾਰ ਡਾ. ਅਜੀਤਕਮਲ ਸਿੰਘ ਹਮਦਰਦ, ਓਲੰਪੀਅਨ ਧਰਮਵੀਰ ਸਿੰਘ ਸ਼ਾਮਿਲ ਸਨ। ਸੈਣੀ ਬਰਾਦਰੀ ਦੇ ਇਸ ਵਿਸ਼ਾਲ ਇਕੱਠ ਵਿੱਚ ਸਮਾਜ ਬੁਰਾਈਆਂ ਦੇ ਵਿਰੁੱਧ ਅਤੇ ਸੈਣੀ ਭਾਈਚਾਰੇ ਦੀ ਭਲਾਈ ਹਿਤ ਸਰਬਸੰਮਤੀ ਨਾਲ 7 ਮਤੇ ਪਾਸ ਕੀਤੇ ਗਏ।

**ਮੈਗਜ਼ੀਨ ਸੈਣੀ ਸੰਸਾਰ–** ਬੀਤੇ ਸਾਲ ਇਸ ਮੈਗਜ਼ੀਨ ਦੇ ਚਾਰ ਅੰਕ ਰਿਲੀਜ਼ ਕੀਤੇ ਗਏ। 29ਵਾਂ ਅੰਕ ਸ. ਤਰਲੋਚਨ ਸਿੰਘ ਸੈਣੀ ਨੇ 7 ਜੁਲਾਈ ਨੂੰ, 30ਵਾਂ ਅੰਕ ਸ. ਅਮਰਜੀਤ ਸਿੰਘ ਸੈਣੀ ਨੇ 1 ਜੁਲਾਈ ਨੂੰ, 31ਵਾਂ ਸ. ਅਜੀਤ ਸਿੰਘ ਲੌਂਗੀਆ ਨੇ 1 ਸਤੰਬਰ ਨੂੰ ਅਤੇ 32ਵਾਂ ਅੰਕ ਸ. ਲਖਵਿੰਦਰ ਸਿੰਘ ਨੇ 6 ਜਨਵਰੀ 2019 ਨੂੰ ਰਿਲੀਜ਼ ਕੀਤਾ। ਇਸ ਸਾਲ ਦੌਰਾਨ 100 ਤੋਂ ਵੱਧ ਮੈਗਜ਼ੀਨ ਦੇ ਨਵੇਂ ਮੈਂਬਰ ਬਣੇ ਜਿਸ ਨਾਲ ਇਸ ਮੈਗਜ਼ੀਨ ਦੇ ਪਾਠਕਾਂ ਦੀ ਗਿਣਤੀ ਵਿੱਚ ਵਰਣਨਯੋਗ ਵਾਧਾ ਹੋਇਆ।

ਸਾਲ 2018 ਦੌਰਾਨ 20 ਦੇ ਕਰੀਬ ਸੈਣੀ ਭਵਨ ਦੇ ਨਵੇਂ ਆਜੀਵਨ ਮੈਂਬਰ ਬਣੇ ਜਿਸ ਨਾਲ ਸੈਣੀ ਭਵਨ ਦੇ ਪਰਿਵਾਰ ਵਿੱਚ ਵਰਣਨਯੋਗ ਵਾਧਾ ਹੋਇਆ।

**ਖੂਨਦਾਨ ਕੈਂਪ–** ਇਸ ਸਾਲ ਦੌਰਾਨ ਦੋ ਖੂਨਦਾਨ ਕੈਂਪ ਲਗਾਏ ਗਏ। 10ਵਾਂ ਖੂਨਦਾਨ ਕੈਂਪ 1 ਜੁਲਾਈ 2018 ਨੂੰ ਆਯੋਜਿਤ ਕੀਤਾ ਗਿਆ ਜਿਸ ਵਿੱਚ 72 ਦਾਨੀਆਂ ਨੇ ਖੂਨ ਦਾਨ ਦਿੱਤਾ ਅਤੇ 11ਵਾਂ ਕੈਂਪ 6 ਜਨਵਰੀ 2019 ਨੂੰ ਲਗਾਇਆ ਗਿਆ ਜਿਸ ਸਮੇਂ 66 ਵਿਅਕਤੀਆਂ ਨੇ ਖੂਨ ਦਾਨ ਦਿੱਤਾ।

**ਸਾਲਾਨਾ ਸਿੱਖਿਆ ਸਮਾਗਮ**– ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਵਲੋਂ 5 ਨਵੰਬਰ 2018 ਨੂੰ ਇਹ ਸਮਾਗਮ ਕਰਵਾਇਆ ਗਿਆ ਜਿਸ ਮੌਕੇ ਆਈ. ਆਈ.ਆਈ.ਟੀ. ਰੋਪੜ ਦੇ ਡਾਇਰੈਕਟਰ ਡਾ. ਸਰਿਤ ਕੁਮਾਰ ਦਾਸ ਮੁੱਖ ਮਹਿਮਾਨ ਵਜੋਂ ਹਾਜਰ ਹੋਏ ਅਤੇ ਉਨ੍ਹਾਂ ਨੇ 86 ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ 806200 ਰੁਪਏ ਦੇ ਵਜ਼ੀਫੇ ਵੰਡੇ।

**ਸਾਲਾਨਾ ਭਾਸ਼ਣ ਪ੍ਰਤਿਯੋਗਤਾ–** ਹਰ ਸਾਲ ਵਾਂਗ 2018 ਵਿੱਚ ਵੀ ਸਮਾਜ ਦੀਆਂ ਭਖਵੀਆਂ ਸਮੱਸਿਆਵਾਂ ਬਾਰੇ ਸੀਨੀਅਰ ਅਤੇ ਜੂਨੀਅਰ ਕੈਟਾਗਰੀਆਂ ਦੀਆਂ ਦੋ ਭਾਸ਼ਣ ਪ੍ਰਤਿਯੋਗਤਾਵਾਂ 31 ਅਕਤੂਬਰ ਨੂੰ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ 20 ਸਕੂਲਾਂ/ ਕਾਲਜਾਂ ਦੇ 37 ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਵਿੱਚ ਜੇਤੂ 5-5 ਪ੍ਰਤਿਯੋਗੀਆਂ ਨੂੰ 2000 ਤੋਂ 1200 ਰੁਪਏ ਦੇ ਨਕਦ ਇਨਾਮ ਦਿੱਤੇ ਗਏ।

**ਹੋਰ ਕਾਰਜ–** ਸੈਣੀ ਭਵਨ ਵਿਖੇ 14 ਜੂਨ 2018 ਨੂੰ ਇੱਕ ਯੋਗਾ ਕੈਂਪ ਲਗਾਇਆ ਗਿਆ ਜਿਸ ਵਿੱਚ ਸੈਣੀ ਭਵਨ ਵਿੱਚ ਕਿੱਤਾ ਸਿਖਲਾਈ ਪ੍ਰਾਪਤ ਕਰ ਰਹੀਆਂ ਲੜਕੀਆਂ ਨੇ ਯੋਗਾ ਅਭਿਆਸ ਕੀਤਾ। ਇਸ ਤੋਂ ਇਲਾਵਾ ਲੜਕੀਆਂ ਦੀ ਸੁਰੱਖਿਆ ਲਈ ਸਰਕਾਰ ਵਲੋਂ ਚਾਲੂ ਕੀਤੇ ਨਵੇਂ ਐਪ ਦੀ ਜਾਣਕਾਰੀ ਪੁਲਿਸ ਸਾਂਝ ਕੇਂਦਰ ਦੇ ਅਧਿਕਾਰੀਆਂ ਨੇ ਇਸ ਸੰਸਥਾ ਦੀਆਂ ਸਿਖਿਆਰਥਣਾ ਨੂੰ ਦਿੱਤੀ।ਪੀ.ਏ.ਯੂ ਲੁਧਿਆਣਾ ਦੇ ਰੋਪੜ ਕੇਂਦਰ ਦੇ ਮਾਹਿਰ ਨੇ ਸਿਖਿਆਰਥਣਾਂ ਨੂੰ ਘਰੇਲੂ ਸਜਾਵਟੀ ਅਤੇ ਖਾਣਪੀਣ ਦਾ ਸਾਮਾਨ ਤਿਆਰ ਕਰਨ ਦੀ ਸਿਖਲਾਈ ਵੀ ਦਿੱਤੀ।

21 ਜੁਲਾਈ 2018 ਨੂੰ ਸੈਣੀ ਭਵਨ ਵਿੱਚ ਸਿੱਖਿਆਰਥਣਾ ਨੇ ਤੀਆਂ ਦਾ ਤਿਉਹਾਰ ਮਨਾਇਆ ਜਿਸ ਵਿੱਚ ਸਰਕਾਰੀ ਗਰਲਜ਼ ਸੀਨੀ. ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਅੰਜੂ ਚੌਧਰੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਨ੍ਹਾਂ ਦੇ ਨਾਲ ਸੈਣੀ ਭਵਨ ਦੇ ਪ੍ਰਬੰਧਕ, ਅਧਿਆਪਕਾਵਾਂ ਅਤੇ ਇੰਨਰਵੀਲ੍ਹ ਕਲੱਬ ਦੀਆਂ ਮੈਂਬਰਾਂ ਨੇ ਵੀ ਸ਼ਮੂਲੀਅਤ ਕੀਤੀ।

ਸੈਣੀ ਭਵਨ ਦੇ ਪ੍ਰਬੰਧਕਾਂ ਨੇ 9 ਅਗਸਤ 2018 ਨੂੰ ਇਸ ਸੰਸਥਾ ਦੇ ਮਹਾਂਦਾਨੀ ਲੈਫ.ਕਰਨਲ(ਰਿਟਾ.) ਜੀ.ਆਰ.ਸੈਣੀ ਦਾ 101ਵਾਂ ਹੁਸ਼ਿਆਰਪੁਰ ਵਿਖੇ ਉਨ੍ਹਾਂ ਦੀ ਰਿਹਾਇਸ਼ ਤੇ ਜਾ ਕੇ ਧੂਮਧਾਮ ਨਾਲ ਮਨਾਇਆ।

**ਵਿਤੀ ਪ੍ਰਾਪਤੀਆਂ–** ਇਸ ਸਾਲ ਦੌਰਾਨ ਸੈਣੀ ਭਵਨ ਦੇ ਹਿਤੈਸ਼ੀਆਂ ਨੇ ਇਸ ਸੰਸਥਾ ਨੂੰ ਭਿੰਨ ਭਿੰਨ ਮੰਤਵਾਂ ਲਈ ਦਿਲ ਖੋਲ੍ਹ ਕੇ ਵਿਤੀ ਸਹਾਇਤਾ ਦਿੱਤੀ ਜਿਸ ਵਿੱਚ ਸ. ਤਰਲੋਚਨ ਸਿੰਘ( ਚੰਡੀਗੜ੍ਹ) ਨੇ 51000/, ਇੰਜ. ਭਗਵਾਨ ਸਿੰਘ( ਪੰਚਕੂਲਾ) ਨੇ 51000, ਅਮਰਜੀਤ ਸਿੰਘ ਸੈਣੀ(ਰੂਪਨਗਰ) ਨੇ 11000/, ਡਾ. ਆਰ.ਐਸ. ਪਰਮਾਰ(ਰੂਪਨਗਰ) ਨੇ 10000/, ਪਰਮਜੀਤ ਸਿੰਘ ਲੱਖੇਵਾਲ (ਰੂਪਨਗਰ) 10000/, ਸ.ਅਜੀਤ ਸਿੰਘ ਲੌਂਗੀਆ(ਖਰੜ) ਨੇ 11000/ ਅਤੇ ਸ. ਲਖਵਿੰਦਰ ਸਿੰਘ

ਬਾਕੀ ਸਫਾ 43 'ਤੇ .....



# ਅੰਬਰੀਂ ਉਡਾਣ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ

ਦੁਨੀਆਂ ਦਾ ਹਰ ਪੱਖੋਂ ਮੋਹਰੀ ਦੇਸ਼, ਅਮਰੀਕਾ। ਉਸ ਦਾ ਇਤਿਹਾਸਕ ਸ਼ਹਿਰ, ਡੈਲਸ। ਇੱਥੇ ਦਾ ਕਮਿਊਨਿਟੀ (ਸਰਕਾਰੀ) ਡਿਗਰੀ ਕਾਲਜ। ਦੁਨੀਆਂ ਦੇ ਕੋਨੇ ਕੋਨੇ ਤੋਂ ਆਏ ਪ੍ਰੌੜ੍ਹ ਵਿਦਿਆਰਥੀ। ਪੜ੍ਹਾਉਣੀ ਹੈ, ਅੰਗਰੇਜ਼ੀ, ਜੋ ਉਸ ਦੇਸ਼ ਵਿੱਚ ਬਹੁਤਿਆਂ ਦੀ ਮਾਤ-ਭਾਸ਼ਾ ਹੈ। ਇਹ ਮਾਣਮੱਤਾ ਕਾਰਜ ਕਰਨ ਵਾਲੀ ਹੈ ਇੱਕ ਪੰਜਾਬਣ, ਜਿਸ ਨੇ ਤੀਹ ਕੁ ਸਾਲ ਦੀ ਉਮਰ ਵਿੱਚ ਇਹ ਚੈਲਿੰਜ ਕਬੂਲ ਕਰ ਲਿਆ ਸੀ। ਇਹ ਹੈ, ਰੋਪੜ ਦੇ ਡਾ.ਅਜਮੇਰ ਸਿੰਘ ਤੰਬੜ ਤੇ ਡਾ. ਜਸਵੰਤ ਕੌਰ ਸੈਣੀ ਦੀ ਸਪੁੱਤਰੀ, ਡਾ. ਮਾਨਵਪ੍ਰੀਤ ਕੌਰ। ਉਹ ਇਹ ਕਠਿਨ ਕਾਰਜ ਪੂਰੀ ਕਾਮਯਾਬੀ ਤੇ ਰੀਝ ਨਾਲ ਨਿਭਾ ਰਹੀ ਹੈ। ਇਸ ਦਾ ਕਾਰਨ ਹੈ ਕਿ ਉਹ ਆਪਣੇ ਵਿਸ਼ੇ ਦੀ ਮਾਹਰ ਅਤੇ ਅਤਿ ਦੀ ਮਿਹਨਤੀ ਹੈ। ਉਸ ਦੀ ਸਫਲਤਾ ਇਸ ਗੱਲ ਵਿੱਚ ਹੈ ਕਿ ਉਹ ਜੋ ਵੀ ਨਿਸ਼ਾਨਾ ਮਿੱਥ ਲੈਂਦੀ ਹੈ ਉਸ ਨੂੰ ਹਾਸਲ ਕਰਨ ਲਈ ਆਪਣੀ ਸਾਰੀ ਤਾਕਤ ਲਾ ਦਿੰਦੀ ਹੈ। ਪਿੱਛੇ ਦੇਖਣਾ ਉਸ ਦੀ ਫਿਤਰਤ ਨਹੀਂ ਹੈ। ਉਹ ਆਪਣੀ ਮੰਜ਼ਿਲ 'ਤੇ ਪਹੁੰਚਣ ਤੱਕ ਬੇਚੈਨ ਤੇ ਅਸੰਤੁਸ਼ਟ ਰਹਿੰਦੀ ਹੈ ਅਤੇ ਜ਼ਰਾ ਵੀ ਰੁਕ ਕੇ ਆਰਾਮ ਨਹੀਂ ਕਰਦੀ। ਇਸ ਵਿੱਚ ਉਸ ਦੇ ਮਾਤਾ-ਪਿਤਾ ਦਾ ਯੋਗਦਾਨ ਇੰਨਾ ਕੁ ਹੈ ਕਿ ਉਨ੍ਹਾਂ ਨੇ ਆਪਣੀ ਬੇਟੀ ਦੇ ਫੈਸਲਿਆਂ ਵਿੱਚ ਰੋੜਾ ਨਹੀਂ ਅਟਕਾਇਆ ਸਗੋਂ ਜਿੱਥੇ ਕਿਤੇ ਲੋੜ ਪਈ ਉਸ ਦੇ ਮਨੋਬਲ ਨੂੰ ਡਿਗਣ ਤੋਂ ਬਚਾਇਆ।

ਮਾਨਵਪ੍ਰੀਤ ਦਾ ਝੁਕਾ ਸਕੂਲ ਪੱਧਰ ਤੋਂ ਹੀ ਅੰਗਰੇਜ਼ੀ ਵਿਸ਼ੇ ਵੱਲ ਸੀ। ਰੂਪਨਗਰ ਦੇ ਸ਼ਿਵਾਲਿਕ ਸਕੂਲ ਵਿੱਚ ਪੜ੍ਹਦਿਆਂ ਉਹ ਮੈਟ੍ਰਿਕ ਤੱਕ ਸਾਇੰਸ ਤੇ ਹਿਸਾਬ ਵਿਸ਼ਿਆਂ ਵਿੱਚ ਇੰਨੀ ਪਿੱਛੇ ਸੀ ਕਿ ਪਿਤਾ ਦੀ ਕੋਚਿੰਗ ਅਤੇ ਝਿੜਕਾਂ ਨਾਲ ਵੀ ਉਸ ਨੂੰ ਕੋਈ ਫਰਕ ਨਹੀਂ ਪਿਆ। ਇਕ ਦਿਨ ਤੰਗ ਆ ਕੇ ਉਸ ਨੇ ਕਹਿ ਹੀ ਦਿੱਤਾ, " ਪਾਪਾ! ਮੈਂ ਗਿਆਰਵੀਂ ਵਿੱਚ ਕੋਈ ਸਾਇੰਸ-ਸੂਸ ਨੀ ਰੱਖਣੀ। ਮੈਨੂੰ ਤਾਂ ਅੰਗਰੇਜ਼ੀ ਹੀ ਦਿਲਚਸਪ ਅਤੇ ਚੰਗੀ ਲਗਦੀ ਹੈ"। ਆਪਣੀ ਲਾਇਕ ਬੇਟੀ ਨੂੰ ਉਨ੍ਹਾਂ ਨੇ ਆਪਣੀ ਮਰਜ਼ੀ ਵਾਲੀ ਪੜ੍ਹਾਈ ਕਰਨ ਦੀ ਖੁਲ੍ਹ ਦੇ ਦਿੱਤੀ। ਅਗਲੀਆਂ ਦੋ ਜਮਾਤਾਂ ਉਸ ਨੇ ਬੇਲਾ ਪਿੰਡ ਦੇ ਕਾਲਜ 'ਚੋਂ ਅੰਗਰੇਜ਼ੀ ਲਿਟਰੇਚਰ ਵਿਸ਼ੇ ਨਾਲ ਆਪਣੀ ਕਲਾਸ ਵਿੱਚੋਂ ਫਸਟ ਰਹਿ ਕੇ ਪਾਸ ਕੀਤੀਆਂ। ਹੁਣ ਉਸ ਨੇ ਅੰਗਰੇਜ਼ੀ ਲਿਟਰੇਚਰ ਨਾਲ ਬੀ.ਏ. ਕਰਨ ਦਾ ਫੈਸਲਾ ਕੀਤਾ ਜਿਸ ਲਈ ਕਿਸੇ ਸ਼ਹਿਰੀ ਕਾਲਜ ਵਿੱਚ ਜਾਣਾ ਪੈਣਾ ਸੀ। ਉਸ ਨੇ ਖੁਦ ਹੀ ਚੰਡੀਗੜ੍ਹ ਦੇ ਅਜਿਹੇ ਲੜਕੀਆਂ ਦੇ ਕਾਲਜ ਦੀ ਚੋਣ ਕੀਤੀ ਜਿਸ ਵਿੱਚ ਵੱਡੇ ਸ਼ਹਿਰਾਂ ਦੀਆਂ ਬਹੁਤ ਹੀ ਹੁਸ਼ਿਆਰ ਤੇ ਅਮੀਰ ਲੜਕੀਆਂ ਪੜ੍ਹਦੀਆਂ ਸਨ। ਉਸ ਨੂੰ ਖਦਸ਼ਾ ਸੀ ਕਿ ਇਹੋ ਜਿਹੀਆਂ ਲੜਕੀਆਂ ਨਾਲ ਉਹ ਮੁਕਾਬਲਾ ਨਹੀਂ ਕਰ ਸਕੇਗੀ। ਪਿਤਾ ਨੇ ਉਸ ਨੂੰ ਹੌਸਲਾ ਦਿੱਤਾ, " ਬੇਟਾ! ਤੂੰ ਬਹੁਤ ਮਿਹਨਤੀ ਤੇ ਹੁਸ਼ਿਆਰ ਐਂ। ਇਹ ਅਮੀਰਜ਼ਾਦੀਆਂ ਤੇਰਾ ਮੁਕਾਬਲਾ ਨਹੀਂ ਕਰ ਸਕਦੀਆਂ। ਸਫਲਤਾ ਲਈ ਫੈਸ਼ਨਦਾਰ ਕੱਪੜੇ ਤੇ ਬਨਾਵਟੀ ਦਿਖਾਵਾ ਕੋਈ ਮੈਨਾ ਨਹੀਂ ਰੱਖਦਾ। ਦੇਖਣਾ ਤੂੰ ਕਾਲਜ ਵਿੱਚੋਂ ਫਸਟ ਆਏਂਗੀ"। ਉਸ ਨੇ ਪਿਤਾ ਦੀ 'ਫਸਟ ਆਉਣ' ਵਾਲੀ ਗੱਲ ਨੂੰ ਆਪਣਾ ਨਿਸ਼ਾਨਾ ਮਿੱਥ ਲਿਆ ਅਤੇ ਫਸਟ ਡਿਵੀਜ਼ਨ ਵਿੱਚ ਗ੍ਰੇਜੂਏਸ਼ਨ ਕਰ ਲਈ। ਹੁਣ ਉਸ ਨੇ ਪੰਜਾਬ ਯੂਨੀਵਰਸਿਟੀ ਤੋਂ ਅੰਗਰੇਜ਼ੀ ਵਿਸ਼ੇ ਵਿੱਚ ਐਮ.ਏ. ਕਰਨ ਦਾ ਫੈਸਲਾ ਲਿਆ। ਇਹ ਵੀ ਇੱਕ ਵੰਗਾਰ ਸੀ



ਕਿਉਂਕਿ ਸੀਟਾਂ ਕੇਵਲ ਪੱਚੀ ਸਨ ਜਦੋਂ ਕਿ ਉਮੀਦਵਾਰ ਸੈਂਕੜੇ ਸਨ। ਉਹ ਕੁੱਝ ਘਬਰਾਈ ਤਾਂ ਮਾਤਾ-ਪਿਤਾ ਨੇ ਹੌਸਲਾ ਦਿੱਤਾ,"ਅੰਗਰੇਜ਼ੀ ਲਿਟਰੇਚਰ ਨਾਲ ਬੀ.ਏ. ਫਸਟ ਡਿਵੀਜ਼ਨ ਵਿੱਚ ਕਰਨ ਵਾਲੇ ਨੂੰ ਐਮ.ਏ. ਵਿੱਚ ਦਾਖਲ ਹੋਣ ਤੋਂ ਕੋਈ ਨਹੀਂ ਰੋਕ ਸਕਦਾ"। ਜਦੋਂ ਦਾਖਲੇ ਲਈ ਮੈਰਿਟ ਬਣੀ ਤਾਂ ਉਹ ਪੰਜਵੇਂ ਸਥਾਨ 'ਤੇ ਸੀ। ਉਸ ਨੇ ਐਮ.ਏ.(ਅੰਗਰੇਜ਼ੀ), ਯੂਨੀਵਰਸਿਟੀ ਵਿਚੋਂ ਦੂਜੇ ਸਥਾਨ 'ਤੇ ਰਹਿ ਕੇ ਪਾਸ ਕੀਤੀ।

ਕਾਲਜ ਵਿੱਚ ਲੈਕਚਰਾਰ ਦੀ ਨੌਕਰੀ ਲੈਣ ਲਈ ਨੈਟ( ਨੈਸ਼ਨਲ ਅਲਿਜੀਬਿਲਟੀ ਟੈਸਟ) ਪਾਸ ਕਰਨਾ ਜ਼ਰੂਰੀ ਹੈ। ਐਮ.ਏ. ਦਾ ਨਤੀਜਾ ਨਿਕਲਦਿਆਂ ਹੀ ਉਸ ਨੇ ਇਹ ਟੈਸਟ ਪਾਸ ਕਰਨ ਦਾ ਫੈਸਲਾ ਕੀਤਾ। ਉਸ ਨੂੰ ਇੱਕ ਸੀਨੀਅਰ ਵਿਦਿਆਰਥਣ ਨੇ ਦੱਸਿਆ ਕਿ ਇਹ ਟੈਸਟ ਉਸ ਨੇ ਤੀਜੀ ਅਟੈਂਪਟ ਵਿੱਚ ਪਾਸ ਕੀਤਾ ਹੈ। ਪਹਿਲੀ ਵੇਰ ਤਾਂ ਕੇਵਲ ਪੇਪਰ ਦਾ ਸਟਾਈਲ ਹੀ ਪਤਾ ਲਗਦਾ ਹੈ"। ਉਸ ਦੀ ਗੱਲ ਸੁਣ ਕੇ ਮਾਨਵਪ੍ਰੀਤ ਨੇ ਸਿਰਤੋੜ ਤਿਆਰੀ ਸ਼ੁਰੂ ਕਰ ਦਿੱਤੀ। ਉਹ ਦਿਨ-ਰਾਤ ਪੜ੍ਹਦੀ ਹੀ ਰਹਿੰਦੀ। ਪਤਾ ਨਹੀਂ ਕਦੋਂ ਸੌਂਦੀ ਤੇ ਆਰਾਮ ਕਰਦੀ ਸੀ। ਅਕਸਰ ਇਸ ਸਬੰਧੀ ਬੋਲਚਾਲ ਵਿੱਚ ਕੁਰਖਤ ਤੇ ਰੁੱਖੀ ਵੀ ਹੋ ਜਾਂਦੀ। ਟੈਸਟ ਹੋਇਆ। ਉਸ ਨੇ ਆਪਣੀ ਨੌਕਰੀ ਵਿੱਚ ਵਿਅੱਸਤ ਕਈ ਮਹੀਨਿਆਂ ਤੱਕ ਨਤੀਜੇ ਬਾਰੇ ਕੋਈ ਪੁੱਛ-ਗਿੱਛ ਨਹੀਂ ਕੀਤੀ। ਸਭ ਭੁੱਲ-ਭੁਲਾ ਗਏ। ਕੋਈ ਛੇ ਮਹੀਨਿਆਂ ਬਾਅਦ ਇੱਕ ਦਿਨ ਕਿਸੇ ਪ੍ਰੋਫੈਸ਼ਨਲ ਵਿਅਕਤੀ ਦਾ ਫੋਨ ਆਇਆ

ਕਿ ਇੰਟਰਨੈਟ ਦੇਖੋ, ਮਾਨਵਪ੍ਰੀਤ ਨਾਮ ਦੀ ਲੜਕੀ ਨੇ ਨੈਟ ਕਲੀਅਰ ਕਰ ਲਿਆ ਹੈ। ਇਹ ਪਲ ਮਨਪ੍ਰੀਤ ਤੇ ਉਸ ਦੇ ਮਾਂ-ਬਾਪ ਲਈ ਲਈ ਸੱਚਮੁੱਚ ਖੁਸ਼ੀਆਂ ਭਰਿਆ ਸੀ। ਪਹਿਲੀ ਵੇਰ ਉਸ ਦੇ ਮਾਂ-ਬਾਪ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਦੀ ਬੇਟੀ ਕੋਈ ਵੀ ਕ੍ਰਿਸ਼ਮਾ ਕਰ ਸਕਦੀ ਹੈ।

ਇੱਕ ਇੰਜਨੀਅਰਿੰਗ ਕਾਲਜ ਵਿੱਚ ਲੈਕਚਰਾਰ ਦੀ ਨੌਕਰੀ ਕਈ ਅਪਲਾਈ ਕੀਤਾ। ਇੱਕ ਪੋਸਟ ਲਈ ਕੋਈ ਪੰਜਾਹ ਦੇ ਕਰੀਬ ਲੜਕੇ-ਲੜਕੀਆਂ ਇੰਟਰਵਿਊ ਲਈ ਪੁੱਜੇ ਜਿਨ੍ਹਾਂ ਵਿੱਚੋਂ ਕੁੱਝ ਕਾਫੀ ਉਮਰ ਦੇ ਤਜਰਬੇਕਾਰ ਵੀ ਸਨ। ਬਾਈ ਕੁ ਸਾਲ ਦੀ ਇਹ ਲੜਕੀ ਇਨ੍ਹਾਂ ਵਿੱਚ ਵਿਦਿਆਰਥਣ ਹੀ ਜਾਪੇ। ਉਹ ਦੇਖ ਕੇ ਘਬਰਾ ਗਈ ਤੇ ਆਪਣੇ ਨਾਲ ਗਏ ਪਿਤਾ ਨੂੰ ਬੋਲੀ, "ਪਾਪਾ! ਕਿਸੇ ਦਾ ਦਸ ਸਾਲ ਦਾ ਤਜ਼ਰਬਾ, ਕੋਈ ਆਪਣੇ ਹੈਡ ਆਫ ਡਿਪਾਰਟਮੈਂਟ ਦਾ ਲੈਟਰ ਚੁੱਕੀ ਫਿਰਦਾ, ਕੋਈ ਇੱਥੇ ਪਹਿਲਾਂ ਹੀ ਪਾਰਟ-ਟਾਈਮ ਪੜ੍ਹਾ ਰਿਹਾ। ਚਲੋ ਚੱਲੀਏ, ਮੈਨੂੰ ਇੱਥੇ ਕਿਹਨੇ ਰੱਖਣਾ?"। ਪਿਤਾ ਅੜ ਗਏ ਤੇ ਕਿਹਾ, "ਇੰਟਰਵਿਊ ਜ਼ਰੂਰ ਦੇਣੀ ਆ, ਭਾਵੇਂ ਰੱਖਣ ਭਾਵੇਂ ਨਾ ਰੱਖਣ"। ਅਗਲੇ ਹੀ ਦਿਨ ਕਾਲਜ ਦਾ ਇੱਕ ਮੁਲਾਜ਼ਮ ਘਰ ਆ ਕੇ ਇੱਕ ਚਿੱਠੀ ਦੇ ਗਿਆ ਜੋ ਕਿ ਨਿਯੁਕਤੀ ਪੱਤਰ ਸੀ। ਇਸ ਕਾਲਜ ਵਿੱਚ ਉਸ ਨੇ ਇੱਕ ਸਾਲ ਪੜ੍ਹਾਇਆ। ਚੰਡੀਗੜ੍ਹ ਦੇ ਇੱਕ ਬਹੁਤ ਹੀ ਪ੍ਰਸਿੱਧ ਤੇ ਵੱਡੇ ਮੁੰਡਿਆਂ ਦੇ ਕਾਲਜ ਨੇ ਅੰਗਰੇਜ਼ੀ ਦੀ ਐਮ.ਏ. ਸ਼ੁਰੂ ਕਰਨ ਲਈ ਦੋ ਤਜ਼ੁਰਬੇਕਾਰ ਲੈਕਚਰਾਰਾਂ ਲਈ ਇਸ਼ਤਿਹਾਰ ਦਿੱਤਾ। ਯੂਨੀਵਰਸਿਟੀ ਵਿੱਚ ਪੜ੍ਹਦਿਆਂ ਉਸ ਨੂੰ ਪਤਾ ਸੀ ਕਿ ਇਸ ਕਾਲਜ ਦੇ ਮੁੰਡੇ ਕਿੰਨੇ ਸ਼ਰਾਰਤੀ ਅਤੇ ਐਸ਼ਪ੍ਰਸਤ ਹਨ। ਇਸ ਦੇ ਬਾਵਜ਼ੂਦ ਮਾਨਵਪ੍ਰੀਤ ਨੇ ਅਪਲਾਈ ਕਰ ਦਿੱਤਾ। ਉਸ ਨੂੰ ਇਸ ਕਾਲਜ ਵਿੱਚ ਨੌਕਰੀ ਮਿਲਣ ਦੀ ਕੋਈ ਆਸ ਨਹੀਂ ਸੀ। ਉਸ ਨੂੰ ਲਗਦਾ ਸੀ ਕਿ ਉਹ ਫਰੈਸ਼ ਐਮ.ਏ. ਪਾਸ, ਐਮ.ਏ. ਦੇ ਮੁੰਡਿਆਂ ਨੂੰ ਕਿਵੇਂ ਪੜ੍ਹਾਵਾਂਗੀ?" ਮਾਂਬਾਪ ਵੀ ਦੁਚਿੱਤੀ ਸਨ ਪਰ ਉਸ ਨੇ ਅਪਲਾਈ ਕਰ ਦਿੱਤਾ। ਉਸ ਦੀ ਚੋਣ ਹੋ ਗਈ। ਅਜੇ ਦੋ ਮਹੀਨੇ ਹੀ ਪੜ੍ਹਾਇਆ ਸੀ ਕਿ ਉਸ ਦੀ ਸ਼ਾਦੀ ਹੋ ਗਈ ਤੇ ਉਸ ਨੂੰ ਇਹ ਕਾਲਜ ਛੱਡਣਾ ਪਿਆ।

ਨੌਕਰੀ ਦੌਰਾਨ ਹੀ ਉਸ ਨੇ ਪੀ.ਐਚ.ਡੀ. ਕਰਨ ਲਈ ਵੀ ਅਰਜ਼ੀ ਦੇ ਦਿੱਤੀ। ਸੀਟਾਂ ਕੇਵਲ ਪੰਜ ਤੇ ਉਮੀਦਵਾਰ ਪੰਜਾਹ ਤੋਂ ਵੀ ਵੱਧ।ਇਸ ਦੇ ਲਈ ਦਾਖਲਾ-ਟੈਸਟ ਹੋਇਆ ਤਾਂ ਪ੍ਰੀਖਿਆ ਕੇਂਦਰ ਤੋਂ ਬਾਹਰ ਨਿਕਲਦੀ ਨੂੰ ਪਿਤਾ ਨੇ ਪੁੱਛਿਆ, "ਕਿੱਦਾਂ ਦਾ ਪੇਪਰ ਹੋਇਆ?" ਤਾਂ ਉਹ ਬੋਲੀ,"ਉੱਤਰ ਤਾਂ ਸਾਰੇ ਲਿਖ ਦਿੱਤੇ। ਪਰ ਨੰਬਰ ਪਤਾ ਨਹੀਂ ਕਿੰਨੇ ਆਉਣਗੇ? ਸਲੈਕਸ਼ਨ ਦੀ ਉਮੀਦ ਤਾਂ ਘੱਟ ਹੀ ਆ।" ਪਿਤਾ ਨੂੰ ਥੋੜ੍ਹਾ ਗੁੱਸਾ ਆਇਆ, "ਤੂੰ ਕਦੇ ਸੰਤੁਸ਼ਟ ਵੀ ਹੋ ਜਾਇਆ ਕਰ ਕਿ ਹਰ ਵੇਲੇ ਰੋਈ ਜਾਣਾ"। ਨਤੀਜਾ ਆਇਆ ਤਾਂ ਉਹ ਪੰਜਵੇਂ ਸਥਾਨ 'ਤੇ ਆਈ। ਉਸ ਨੇ ਪੀ.ਐਚ.ਡੀ. ਵੀ ਤਿੰਨ ਸਾਲ ਦੇ ਘੱਟੋ-ਘੱਟ ਸਮੇਂ ਤੋਂ ਪਹਿਲਾਂ, ਦੋ ਸਾਲ ਵਿੱਚ ਪੂਰੀ ਕਰ ਲਈ ਜਿਸ ਲਈ ਵਾਈਸ-ਚਾਂਸਲਰ ਤੋਂ ਮੰਜ਼ੂਰੀ ਲੈਣੀ ਪਈ। ਇਸ ਪ੍ਰਕਾਰ ਉਹ ਡਾਕਟਰ ਬਣ ਗਈ। ਵਿਆਹ ਤੋਂ ਬਾਅਦ ਉਸ ਨੂੰ ਦਿੱਲੀ ਦੇ ਮਾਤਾ ਗੁਜ਼ਰੀ ਕਾਲਜ ਵਿੱਚ ਨੌਕਰੀ ਮਿਲ ਗਈ ਪਰ ਪਤੀ ਦੇ ਵਿਦੇਸ਼ ਚਲੇ ਜਾਣ ਕਾਰਨ ਉਸ ਨੂੰ ਛੱਡ ਕੇ ਜਾਣਾ ਪਿਆ।

ਟੈਕਸਾਸ ਯੂਨੀਵਰਸਿਟੀ ਨੇ ਉਸ ਦੀ ਪੀ.ਐਚ.ਡੀ. ਡਿਗਰੀ ਨੂੰ ਅਮਰੀਕਾ ਦੀ ਡਿਗਰੀ ਦੇ ਬਰਾਬਰ ਪ੍ਰਵਾਨ ਕਰਕੇ ਕਾਲਜ ਵਿੱਚ ਅੰਗਰੇਜ਼ੀ ਪੜ੍ਹਾਉਣ ਦੀ ਜ਼ਿੰਮੇਵਾਰੀ ਸੌਂਪੀ, ਜਿਸ ਨੂੰ ਉਹ ਪੂਰੀ ਕਾਮਯਾਬੀ ਨਾਲ ਨਿਭਾ ਰਹੀ ਹੈ।

ਫਤਹਿ ਪਾਉਂਦੇ ਨੇ ਉਹ, ਜੋ ਸੂਰਜ ਨੂੰ ਜਗਾਉਂਦੇ ਨੇ।
ਹਾਰ ਜਾਂਦੇ ਨੇ ਉਹ, ਜਿਨ੍ਹਾਂ ਨੂੰ ਸੂਰਜ ਜਗਾਉਂਦਾ ਹੈ।

* * * * *



ਕਵਿਤਾ

## ਬਿਰਹਾ ਦੇ ਰੰਗ

ਤਾਰਾ ਸਿੰਘ ਚੇੜਾ

ਸੱਜਣਾ! ਜਦ ਇਕੱਲਾ ਹੋਵਾਂ,
ਨੇੜੇ ਤੇੜੇ ਕੋਈ ਨਾ ਹੋਵੇ,
ਤਿਪ-ਤਿਪ ਅੱਖੀਓਂ ਵਰ੍ਹਦੇ ਹੰਝੂ,
ਮਨ ਬੁੱਕਲ ਦੇ ਵਿੱਚ ਰੋਵੇ।
ਸੱਜਣਾ! ਜਦ ਮੈਂ ਵਿਹਲਾ ਹੋਵਾਂ,
ਤੇਰੀ ਯਾਦ ਬਹੁਤ ਸਤਾਉਂਦੀ,
ਬੀਤੀਆਂ ਯਾਦਾਂ ਮੁੱਠੀ ਭਰੀਆਂ,
ਇਕ ਇਕ ਕਰ ਗਣਾਉਂਦੀ।
ਸੱਜਣਾ! ਜਦ ਚਮਕਣ ਤਾਰੇ,
ਮੇਰੇ ਨੈਣੀ ਨੀਂਦ ਨਾ ਆਵੇ,
ਤੜਫੇ ਇਕ ਭਟਕਣ ਦਿਲ ਵਿੱਚ,
ਸਾਂਝਾਂ ਭੁੱਲੀਆਂ ਯਾਦ ਕਰਾਵੇ।
ਸੱਜਣਾ! ਜਦ ਹੋਣ ਦੁਪਹਿਰਾਂ,
ਰੋਹੀਆਂ ਤਪੇ ਦਿਨ ਲੰਘਦੇ,
ਹਿਜਰਾਂ ਦੇ ਪਲ ਤਿੱਖੀਆਂ ਸੂਲਾਂ,
ਬਣ ਕਹਿਰ ਸਪੋਲੀਏ ਡੰਗਦੇ।
ਸੱਜਣਾ! ਜਦ ਗਮ ਸਿਰ ਬਹਿੰਦਾ,
ਜਿੰਦ ਦੁੱਖ ਹਿਜ਼ਰ ਦੇ ਜਰਦੀ,
ਹੰਝੂ ਕਿਰ ਕਿਰ ਅੱਖਰ ਬਣਦੇ,
ਜਿੰਦ ਬਿਰਹਾ ਦੇ ਰੰਗ ਭਰਦੀ।

ਬਰਸੀ 'ਤੇ ਵਿਸ਼ੇਸ਼

# ਨਾਮਵਰ ਸੈਣੀ ਸ਼ਖ਼ਸ਼ੀਅਤ - ਸ. ਰਾਜਿੰਦਰ ਸਿੰਘ

ਰਜਿੰਦਰ ਸੈਣੀ
ਰੂਪਨਗਰ




ਇਨਸਾਨ ਦੇ ਕਾਰਜ ਦਾ ਖੇਤਰ ਭਾਵੇਂ ਕੋਈ ਵੀ ਹੋਵੇ, ਲੇਕਿਨ ਚੰਗੇ ਕੰਮ ਕਰਨ ਵਾਲੇ ਇਨਸਾਨ ਨੂੰ ਸਮਾਜ ਵਿੱਚ ਹਰ ਥਾਂ ਮਾਣ 'ਤੇ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਲੋਕ ਅਜਿਹੇ ਲੋਕਾਂ ਨੂੰ ਹਮੇਸ਼ਾਂ ਯਾਦ ਰੱਖਦੇ ਹਨ ਜੋ ਆਪਣੀ ਜ਼ਿੰਦਗੀ ਦੇ ਸਫ਼ਰ ਦੌਰਾਨ ਕੁਝ ਵਿਲੱਖਣ ਕਰਕੇ ਆਪਣੇ ਨਾਂ ਦੀ ਹੋਂਦ ਨੂੰ ਕਾਇਮ ਰਖਦੇ ਹਨ।

24 ਅਪ੍ਰੈਲ, 2000 ਨੂੰ ਸਵਰਗਵਾਸ ਹੋਏ ਸ. ਰਾਜਿੰਦਰ ਸਿੰਘ ਵੀ ਸੈਣੀ ਬਰਾਦਰੀ ਵੀ ਇੱਕ ਅਜਿਹੀ ਸ਼ਖ਼ਸੀਅਤ ਸਨ ਜਿਨ੍ਹਾਂ ਆਪਣੀ ਸਰਕਾਰੀ ਸੇਵਾ ਦੌਰਾਨ ਸਰਕਾਰ ਤੋਂ ਕਈ ਵੇਰ ਮਾਣ ਤੇ ਸਤਿਕਾਰ ਪ੍ਰਾਪਤ ਕੀਤਾ। ਸ. ਰਾਜਿੰਦਰ ਸਿੰਘ, ਜੇਲ੍ਹਾਂ ਦੇ ਸੀਨੀਅਰ ਸੁਪਰਡੈਂਟ ਦੇ ਅਹੁਦੇ ਤੋਂ ਸਾਲ 1992 ਵਿੱਚ ਸੇਵਾਮੁਕਤ ਹੋਏ ਸਨ। ਉਹ ਰਾਇਲ ਮਿਲਟਰੀ ਇੰਜਨੀਅਰ ਸਰਵਿਸਜ਼ ਦੇ ਗੈਰੀਸਨ ਇੰਜਨੀਅਰ, ਰੂਪਨਗਰ ਵਾਸੀ ਸਵਰਗੀ ਸ. ਬਲਵੰਤ ਸਿੰਘ ਸੈਣੀ ਦੇ ਸਪੁੱਤਰ ਸਨ। ਇਨ੍ਹਾਂ ਦਾ ਜਨਮ 17 ਜਨਵਰੀ 1934 ਵਿੱਚ ਹੋਇਆ ਅਤੇ ਇਨ੍ਹਾਂ ਆਪਣੀ ਸਕੂਲ ਪੱਧਰ ਦੀ ਵਿਦਿਆ ਸਕਾਨਡਿਆ ਸਕੂਲ ਗਵਾਲੀਅਰ ਤੋਂ ਪ੍ਰਾਪਤ ਕੀਤੀ, ਬੀ.ਕਾਮ ਸ਼੍ਰੀ ਰਾਮ ਕਾਲਜ ਆਫ਼ ਕਮਰਸ ਦਿੱਲੀ ਅਤੇ ਐਲ.ਐਲ.ਬੀ.ਦਿੱਲੀ ਯੂਨੀਵਰਸਿਟੀ ਤੋਂ ਪਾਸ ਕੀਤੀ। ਉਨ੍ਹਾਂ ਇਹ ਪੜ੍ਹਾਈ ਉਸ ਸਮੇਂ ਦਿੱਲੀ ਪੁਲਿਸ ਵਿੱਚ ਸੇਵਾ ਕਰ ਰਹੇ ਸੈਣੀ ਭਵਨ ਰੂਪਨਗਰ ਦੀ ਮੈਨੇਜਿੰਗ ਕਮੇਟੀ ਦੇ ਸਾਬਕਾ ਚੇਅਰਮੈਨ, ਸਮਾਜਸੇਵਕ ਤੇ ਮਹਾਂਦਾਨੀ ਲੇਟ ਸ੍ਰੀ ਐਲ. ਆਰ. ਮੁੰਦਰਾ ਕੋਲ ਰਹਿ ਕੇ ਪੂਰੀ ਕੀਤੀ ਸੀ।


ਸ. ਰਾਜਿੰਦਰ ਸਿੰਘ ਆਪਣੇ ਸਮੇਂ ਦੇ ਇਕ ਬਹੁਤ ਹੀ ਮਿਹਨਤੀ, ਇਮਾਨਦਾਰ, ਸ਼ਾਂਤ-ਸਭਾਅ ਤੇ ਹਮਦਰਦ ਸ਼ਖ਼ਸੀਅਤ ਸਨ।ਉਨਾਂ ਜੇਲ੍ਹ ਵਿਭਾਗ ਵਿੱਚ ਸੰਨ 1960 ਤੋਂ ਦਿੱਲੀ ਤਿਹਾੜ ਦੇ ਸਹਾਇਕ ਸੁਪਰਡੈਂਟ ਤੋਂ ਆਪਣੀ ਸੇਵਾ ਆਰੰਭ ਕਰਕੇ ਪੰਜਾਬ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਬੰਦੀਆਂ ਲਈ ਅਜਿਹਾ ਸਦਭਾਵਨਾ ਵਾਲਾ ਮਾਹੌਲ ਕਾਇਮ ਕੀਤਾ ਕਿ ਉਨ੍ਹਾਂ ਨੂੰ ਆਪਣੀ ਨੌਕਰੀ ਦੌਰਾਨ ਕਦੇ ਕੋਈ ਦਿੱਕਤ ਨਹੀਂ ਆਈ। ਸ. ਰਾਜਿੰਦਰ ਸਿੰਘ ਨੇ ਦਿੱਲੀ ਜੇਲ੍ਹ ਵਿੱਚ ਤੈਨਾਤੀ ਸਮੇਂ ਕੈਦੀਆਂ ਦੀ ਬਿਹਤਰੀ ਲਈ ਕੰਮ ਕਰਨ ਬਦਲੇ ਇੱਕ ਵਧੀਆ ਭਲਾਈ ਅਫ਼ਸਰ ਦਾ ਇਨਾਮ ਵੀ ਪ੍ਰਾਪਤ ਕੀਤਾ ਸੀ। ਉਹ ਕਦੇ ਵੀ ਕੈਦੀਆ ਨਾਲ ਮੁਲਾਕਾਤ ਕਰਨ ਵਾਲਿਆਂ ਨੂੰ ਪਰੇਸ਼ਾਨ ਨਹੀ ਹੋਣ ਦਿੰਦੇ ਸਨ। ਉਨ੍ਹਾਂ ਨੂੰ ਪੰਜਾਬ ਦੇ ਕਠਿਨ ਦੌਰ ਸਮੇ ਸਾਲ 1985 ਤੋਂ 1992 ਤੱਕ ਕੇਂਦਰੀ ਜੇਲ੍ਹ ਅੰਮ੍ਰਿਤਸਰ ਅਤੇ ਪਟਿਆਲਾ ਜੇਲ੍ਹ ਵਿੱਚ ਤਾਇਨਾਤ ਕੀਤਾ। ਉਨ੍ਹਾਂ ਇਸ ਸਮੇ ਇਨ੍ਹਾਂ ਜੇਲ੍ਹਾਂ ਵਿੱਚ ਆਪਣੀ ਡਿਊਟੀ ਪੂਰੀ ਲਗਨ ਨਾਲ ਕਰਕੇ ਨਾਮਣਾ ਖੱਟਿਆ। ਆਪਣੀ ਡਿਊਟੀ ਪ੍ਰਤਿ ਦਿਖਾਈ ਵਫਾਦਾਰੀ,ਇਮਾਨਦਾਰੀ ਤੇ ਵਧੀਆ ਜੇਲ੍ਹ ਪ੍ਰਬੰਧਾਂ ਲਈ ਸਰਕਾਰ ਨੇ ਸ. ਰਾਜਿੰਦਰ ਸਿੰਘ ਨੂੰ ਵੱਖ ਵੱਖ ਥਾਵਾਂ 'ਤੇ ਨਿਯੁਕਤੀ ਸਮੇਂ ਇਨਾਮ ਦੇ ਕੇ ਸਨਮਾਨਿਆ ਸੀ।

ਸ. ਰਾਜਿੰਦਰ ਸਿੰਘ ਦੋ ਪੁੱਤਰਾਂ ਤੇ ਇੱਕ ਪੁੱਤਰੀ ਦੇ ਪਿਤਾ ਸਨ। ਉਨ੍ਹਾਂ ਦਾ ਵੱਡਾ ਪੁੱਤਰ ਸ. ਗੁਰਮੀਤ ਸਿੰਘ ਅਮਰੀਕਾ ਵਿੱਚ ਕੰਪਿਊਟਰ ਇੰਜਨੀਅਰ ਹੈ ਅਤੇ ਛੋਟਾ ਪੁੱਤਰ ਸ. ਸਰਤਾਜ ਸਿੰਘ ਇੱਕ ਆਟੋਮੋਬਾਇਲ ਕੰਪਨੀ ਵਿੱਚ ਜੀ. ਐਮ. ਹੈ। ਉਨ੍ਹਾਂ ਦੀ ਧਰਮਪਤਨੀ ਸ਼੍ਰੀਮਤੀ ਜਸਵੀਰ ਕੌਰ, ਸਮਾਜ ਭਲਾਈ ਕੰਮਾਂ ਵਿੱਚ ਵਿਸ਼ੇਸ਼ ਰੁਚੀ ਰੱਖਦੇ ਹਨ ਅਤੇ ਲੰਬੇ ਸਮੇਂ ਤੱਕ ਜ਼ਿਲ੍ਹਾ ਰੈੱਡ ਕਰਾਸ ਹਸਪਤਾਲ ਭਲਾਈ ਸ਼ਾਖਾ ਰੂਪਨਗਰ ਦੇ ਸਰਗਰਮ ਮੈਂਬਰ ਰਹੇ ਹਨ। ਉਹ ਅੱਜ ਕਲ੍ਹ ਆਪਣੇ ਛੋਟੇ ਬੇਟੇ ਨਾਲ ਮੋਹਾਲੀ ਵਿੱਖੇ ਰਹਿ ਰਹੇ ਹਨ।ਉਨ੍ਹਾਂ ਦਾ ਆਪਣਾ ਜੱਦੀ ਘਰ ਸਤਲੁਜ ਹਾਊਸ, ਕਾਲਜ ਰੋਡ ਰੂਪਨਗਰ ਵਿੱਖੇ ਸਥਿਤ ਹੈ।

ਇੱਕ ਮੁਲਾਕਾਤ ਦੌਰਾਨ ਜਸਵੀਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਨੇ ਪੰਜਾਬ ਦੇ ਕਠਿਨ ਦੌਰ ਸਮੇਂ ਵਿਭਾਗ ਅੰਦਰ ਇੱਕ ਮੇਹਨਤੀ, ਇਮਾਨਦਾਰ ਤੇ ਸਫਲ ਪ੍ਰਸ਼ਾਸਨਿਕ ਅਧਿਕਾਰੀ ਹੋਣ ਵਜੋ ਆਪਣੀ ਵੱਖਰੀ ਪਹਿਚਾਣ ਬਣਾਕੇ ਨਾਮਨਾ ਖਟਿਆ ਸੀ। ਉਨ੍ਹਾਂ ਲੇਟ ਸ੍ਰੀ ਐਲ. ਆਰ ਮੁੰਦਰਾ ਵੱਲੋ ਸੈਣੀ ਬਰਾਦਰੀ ਅਤੇ ਬਜ਼ੁਰਗਾਂ ਦੀ ਬੇਹਤਰੀ ਲਈ ਅਪਣਾਈ ਉਸਾਰੂ ਸੋਚ ਦੀ ਪ੍ਰੰਸ਼ਸਾ ਕੀਤੀ, ਜਿਸ ਦਾ ਨਤੀਜਾ ਹੈ ਕਿ ਅੱਜ ਸੈਣੀ ਭਵਨ ਰੂਪਨਗਰ ਵੱਲੋਂ ਬਰਾਦਰੀ ਅਤੇ ਸਮਾਜ ਦੇ ਲੋਕਾਂ ਦੀ ਭਲਾਈ ਲਈ ਨੇਕ ਕਾਰਜ ਕੀਤੇ ਜਾ ਰਹੇ ਹਨ। ਲੋੜਵੰਦ ਬਜ਼ੁਰਗਾਂ ਲਈ 'ਆਪਣਾ ਘਰ' ਹਵੇਲੀ ਕਲਾਂ 'ਚ ਚਲਾਇਆ ਜਾ ਰਿਹਾ ਹੈ। ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਸਮਾਜਿਕ ਚੇਤਨਾ ਦਾ ਇੱਕ ਵਧੀਆ ਯਤਨ ਹੈ। ਉਨ੍ਹਾਂ ਆਪਣੇ ਪਤੀ ਦੀ ਬਰਸੀ ਮੌਕੇ ਬਜ਼ੁਰਗਾਂ ਦੇ 'ਆਪਣਾ ਘਰ' ਅਤੇ ਸੈਣੀ ਭਵਨ ਲਈ 20 ਹਜ਼ਾਰ ਰੁਪਏ ਦਾਨ ਭੇਜਿਆ ਹੈ। ਸੈਣੀ ਭਵਨ ਅਤੇ 'ਆਪਣਾ ਘਰ' ਦੇ ਪ੍ਰਬੰਧਕ ਸਵ: ਸ. ਰਾਜਿੰਦਰ ਸਿੰਘ ਨੂੰ ਬਰਸੀ ਮੌਕੇ ਆਪਣੀ ਸ਼ਰਧਾਲੀ ਭੇਟ ਕਰਦੇ ਹਨ ਅਤੇ ਉਨ੍ਹਾਂ ਦੀ ਧਰਮਪਤਨੀ ਵਲੋਂ ਸੈਣੀ ਭਵਨ ਅਤੇ 'ਆਪਣਾ ਘਰ' ਨੂੰ ਉਤਸਾਹਿਤ ਕਰਨ ਲਈ ਦਿੱਤੇ ਜਾ ਰਹੇ ਸਹਿਯੋਗ ਦਾ ਧੰਨਵਾਦ ਕਰਦੇ ਹਨ।



ਸ. ਰਾਜਿੰਦਰ ਸਿੰਘ ਆਪਣੀ ਸੁਰੱਖਿਆ ਗਾਰਦ ਨਾਲ



ਸ. ਰਾਜਿੰਦਰ ਸਿੰਘ ਆਪਣੀ ਪਤਨੀ ਸ਼੍ਰੀਮਤੀ ਜਸਵੀਰ ਕੌਰ ਨਾਲ

ਅਪੰਗਤਾ ਨੂੰ ਮਖੌਲ ਕਰਨ ਵਾਲਾ

## ਅਣਥੱਕ ਯੋਧਾ - ਮਨਪ੍ਰੀਤ ਸਿੰਘ

ਅਮਰਜੀਤ ਸਿੰਘ
ਰੂਪਨਗਰ



ਮਨੁੱਖੀ ਸਰੀਰ ਇੱਕ ਅਤਿ ਆਧੁਨਿਕ ਮਸ਼ੀਨ ਹੈ। ਇਸ ਦਾ ਹਰ ਅੰਗ ਆਪਣਾ ਵਿਸ਼ੇਸ਼ ਕੰਮ ਪੂਰੀ ਮੁਹਾਰਤ ਨਾਲ ਕਰਨ ਦੇ ਸਮਰੱਥ ਹੈ। ਇਨ੍ਹਾਂ ਦੇ ਆਪਸੀ ਤਾਲਮੇਲ ਨਾਲ ਜੀਵਨ ਦੀ ਗੱਡੀ ਰੁੜ੍ਹਦੀ ਹੈ। ਕਿਸੇ ਇੱਕ ਅੰਗ ਦੀ ਅਣਹੋਂਦ ਨਾਲ ਹੀ ਜੀਵਨ ਦੀ ਤੋਰ ਟੇਢੀ ਹੋ ਜਾਂਦੀ ਹੈ। ਪਰ ਕੁੱਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਇੱਕ ਅੰਗ ਦੇ ਨਾਕਾਰਾ ਹੋ ਜਾਣ 'ਤੇ ਉਸ ਦਾ ਕੰਮ ਦੂਜੇ ਅੰਗ ਤੋਂ ਲੈਣ ਦੀ ਹਿੰਮਤ ਰੱਖਦੇ ਹਨ। ਅਜਿਹਾ ਕਰਦਿਆਂ ਉਹ ਨਾ ਘਬਰਾਉਂਦੇ ਹਨ ਅਤੇ ਨਾ ਹੀ ਰੱਬ ਨੂੰ ਕੋਈ ਉਲਾਂਭਾ ਦਿੰਦੇ ਹਨ। ਅਜਿਹਾ ਹੀ ਹਿੰਮਤੀ ਨੌਜਵਾਨ ਹੈ ਜ਼ਿਲ੍ਹਾ ਜਲੰਧਰ ਵਿੱਚ ਪਿੰਡ ਲਸਾੜਾ ਦੇ ਸੈਣੀ ਪਰਿਵਾਰ ਦਾ ਮਨਪ੍ਰੀਤ ਸਿੰਘ ਜੋ ਆਪਣੇ ਹੱਥਾਂ ਦਾ ਕੰਮ ਵੀ ਪੈਰਾਂ ਤੋਂ ਲੈਂਦਾ ਹੈ।

ਸ. ਦਿਲਬਾਗ ਸਿੰਘ ਅਤੇ ਮਾਤਾ ਅਵਤਾਰ ਕੌਰ ਦੇ ਘਰ 4 ਮਈ, 1983 ਨੂੰ ਜਦੋਂ ਇਸ ਸੁਨੱਖੇ ਅਤੇ ਸਿਹਤਮੰਦ ਬੱਚੇ ਨੇ ਜਨਮ ਲਿਆ ਤਾਂ ਦੋ ਵੱਡੀਆਂ ਭੈਣਾ ਅਤੇ ਭਰਾ ਬਲਵਿੰਦਰ ਸਿੰਘ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਉਹ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ। ਪਰ ਸਾਢੇ ਪੰਜ ਕੁ ਸਾਲ ਦਾ ਹੁੰਦਿਆਂ ਹੀ ਮਨਪ੍ਰੀਤ ਵਿੱਚ ਸਰੀਰਕ ਕਮਜ਼ੋਰੀ ਨਜ਼ਰ ਆਉਣ ਲੱਗੀ। ਉਸ ਦੀਆਂ ਲੱਤਾਂ ਸਰੀਰ ਦਾ ਭਾਰ ਚੁੱਕਣ ਤੋਂ ਅਸਮਰੱਥ ਹੋ ਗਈਆਂ। ਪਿਤਾ ਰੁਜ਼ਗਾਰ ਲਈ ਵਿਦੇਸ਼ ਵਿੱਚ ਗਿਆ ਹੋਣ ਦੇ ਬਾਵਜੂਦ ਮਾਤਾ ਨੇ ਆਪਣੇ ਪੁੱਤ ਦਾ ਇਲਾਜ ਵੱਡੇ ਤੋਂ ਵੱਡੇ ਹਸਪਤਾਲ ਤੋਂ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ। ਪਰ ਕਿਸੇ ਵੀ ਡਾਕਟਰ ਨੂੰ ਮਨਪ੍ਰੀਤ ਦੀ ਬਿਮਾਰੀ ਸਮਝ ਨਹੀਂ ਆਈ। ਆਖਿਰ ਪੀ.ਜੀ.ਆਈ ਦੇ ਇੱਕ ਸਿਆਣੇ ਡਾਕਟਰ ਨੇ 1997 ਵਿੱਚ ਉਸ ਦੀ ਗਰਦਣ ਦਾ ਉਪਰੇਸ਼ਨ ਕਰਕੇ ਬਹੁਤ ਵੱਡੀ ਰਸੌਲੀ ਕੱਢੀ ਤਾਂ ਬਿਮਾਰੀ ਨੂੰ ਮੋੜਾ ਪਿਆ। ਪਰ ਉਦੋਂ ਤੱਕ ਮਨਪ੍ਰੀਤ ਦੀਆਂ ਦੋਵੇਂ ਲੱਤਾਂ, ਦੋਵੇਂ ਬਾਹਵਾਂ ਤੇ ਰੀੜ੍ਹ ਦੀ ਹੱਡੀ ਬੇਕਾਰ ਹੋ ਚੁੱਕੀਆਂ ਸਨ।

ਮਨਪ੍ਰੀਤ ਨੂੰ ਉਸ ਸਮੇਂ ਬਹੁਤ ਧੱਕਾ ਲੱਗਾ ਜਦੋਂ ਉਸ ਦਾ ਵੱਡਾ ਭਰਾ ਹਾਦਸੇ ਦਾ ਸ਼ਿਕਾਰ ਹੋ ਕੇ ਦੁਨੀਆਂ ਤੋਂ ਵਿਦਾ ਹੋ ਗਿਆ। ਇਸ ਦੇ ਨਾਲ ਹੀ ਭਰਜਾਈ ਵੀ ਘਰ ਨੂੰ ਛੱਡ ਗਈ। ਇਸ ਨਾਲ ਮਨਪ੍ਰੀਤ ਦਾ ਪਿਆਰਾ ਖਿਲੌਣਾ, ਭਤੀਜੀ ਸ਼ਗੁਨ ਵੀ ਉਸ ਤੋਂ ਖੋਹ ਲਿਆ ਗਿਆ, ਜਿਸ ਨੂੰ ਬੜੇ ਸੰਘਰਸ਼ ਨਾਲ ਵਾਪਿਸ ਲਿਆਂਦਾ ਗਿਆ। ਚੱਲਣ ਫਿਰਨ ਤੇ ਬੈਠਣ ਤੋਂ ਵੀ ਔਖਾ ਮਨਪ੍ਰੀਤ ਆਪਣੀ ਮਾਤਾ 'ਤੇ ਪੂਰੀ ਤਰ੍ਹਾਂ ਨਿਰਭਰ ਹੈ। ਇਸ ਦੇ ਬਾਵਜੂਦ ਉਹ ਹਿੰਮਤ ਨਹੀਂ ਹਾਰਿਆ। ਉਸ ਨੇ ਕੰਮਪਿਊਟਰ ਦੀ ਸਿਖਲਾਈ ਲੈ ਲਈ ਹੈ ਅਤੇ ਵੀਡਿਓ ਐਡੇਟਿੰਗ ਦਾ ਕੰਮ ਸਿੱਖ ਲਿਆ ਹੈ। ਉਹ ਪਿੰਡ ਵਿੱਚ ਇੱਕ ਦੁਕਾਨ ਕਿਰਾਏ 'ਤੇ ਲੈ ਕੇ ਉਸ ਵਿੱਚ ਕਮਪਿਊਟਰ ਸਿਖਲਾਈ ਦਾ ਸਕੂਲ ਚਲਾ ਰਿਹਾ ਹੈ। ਵਿਆਹਾਂ ਦੀ ਵੀਡਿਓਗ੍ਰਾਫੀ ਲਈ ਲੜਕੇ ਰੱਖੇ ਹੋਏ ਹਨ ਅਤੇ ਆਡਿਟਿੰਗ ਆਪ ਕਰਦਾ ਹੈ। ਉਹ ਕੰਮਪਿਊਟਰ ਅਤੇ ਇੰਟਰਨੈਟ ਦਾ ਪੂਰਾ ਮਾਹਰ ਹੈ। ਇੱਕ ਵਿਸ਼ੇਸ਼ ਪ੍ਰਕਾਰ ਦੀ ਵੀਲ੍ਹ ਚੇਅਰ 'ਤੇ ਲੇਟ ਕੇ ਉਹ ਆਪਣੇ ਮੂੰਹ ਵਿੱਚ ਕਲਮ ਫੜ ਕੇ ਉਸ ਨਾਲ ਕੰਪਿਊਟਰ ਦੇ ਬਟਣ ਦਬਾਉਂਦਾ ਹੈ।

ਮਨਪ੍ਰੀਤ ਨੇ ਆਪਣੇ ਜੀਵਨ ਦੀਆਂ ਸਾਰੀਆਂ ਚੰਗੀਆਂ-ਮਾੜੀਆਂ ਘਟਨਾਵਾਂ ਸਬੰਧੀ ਇੱਕ ਖਰੜਾ ਤਿਆਰ ਕੀਤਾ ਹੈ ਜਿਸ ਨੂੰ ਉਹ ਪੁਸਤਕ ਰੂਪ ਦੇਣ ਦਾ ਚਾਹਵਾਨ ਹੈ। ਇਸ ਵਿੱਚ ਉਸ ਨੇ ਲਿਖਿਆ ਹੈ ਕਿ ਉਹ ਸਭ ਤੋਂ ਵੱਧ ਆਪਣੀ ਮਾਂ ਨਾਲ ਪਿਆਰ ਕਰਦਾ ਹੈ ਜਿਸ ਨੇ ਹਰ ਦੁੱਖ ਅਤੇ ਮੁਸ਼ਕਲ ਵਿੱਚ ਉਸ ਦਾ ਸਾਥ ਦਿੱਤਾ ਹੈ। ਮਾਂ ਹੀ ਉਸ ਲਈ ਪਰਮਾਤਮਾ ਦਾ ਸਾਕਾਰ ਰੂਪ ਹੈ। ਮਨਪ੍ਰੀਤ ਨੂੰ ਆਪਣੇ ਭਰਾ ਦੀ ਬੇਟੀ ਸ਼ਗੁਨ ਨਾਲ ਵੀ ਸਿਰੇ ਦੇ ਪਿਆਰ ਅਤੇ ਲਗਾਓ ਹੈ ਜਿਸਦੀ ਮਾਂ ਆਪਣੇ ਪਤੀ ਦੀ ਮੌਤ ਤੋਂ ਬਾਅਦ ਭਾਵੇਂ ਉਨ੍ਹਾਂ ਨੂੰ ਛੱਡ ਕੇ ਚਲੇ ਗਈ ਸੀ। ਮਨਪ੍ਰੀਤ ਭਾਵੇਂ ਸਿੱਖਿਆ ਤਾਂ ਪ੍ਰਾਇਮਰੀ ਪੱਧਰ ਦੀ ਵੀ ਹਾਸਲ ਨਹੀਂ ਕਰ ਸਕਿਆ ਪਰ ਆਪਣੇ ਚੰਗੇ ਅਧਿਆਪਕਾਂ ਦੀ ਤਾਰੀਫ ਕਰਨ ਤੋਂ ਨਹੀਂ ਉੱਕਿਆ। ਇਹ ਉਸ ਦੀ ਵਡੱਤਣ ਹੈ।



ਮਨਪ੍ਰੀਤ ਸੁਰਜੀਤ ਪਾਤਰ ਨਾਲ

ਉਸ ਨੂੰ ਗੁਰਬਾਣੀ ਅਤੇ ਗੁਰਸਿੱਖੀ ਵਿੱਚ ਅਟੁੱਟ ਵਿਸ਼ਵਾਸ ਹੈ ਭਾਵੇਂਕਿ ਬੇਮੁਰਾਦ ਬਿਮਾਰੀ ਕਾਰਨ ਉਸ ਨੂੰ ਕੇਸਾਂ ਦੀ ਕੁਰਬਾਨੀ ਦੇਣੀ ਪਈ । ਮਨਪ੍ਰੀਤ ਅਤਿ ਦਰਜੇ ਦਾ ਸਵੈਮਾਨੀ ਅਤੇ ਨਿਸ਼ਠਾਵਾਨ ਵਿਅਕਤੀ ਹੈ। ਉਹ ਅੰਗਹੀਣ ਤੇ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਕਿਸੇ ਦੇ ਤਰਸ ਦਾ ਪਾਤਰ ਨਹੀਂ ਬਣਨਾ ਚਾਹੁੰਦਾ। ਉਹ ਆਪਣੇ ਰਿਸ਼ਤੇਦਾਰਾਂ ਅਤੇ ਨਜ਼ਦੀਕੀਆਂ ਦੇ ਹਰ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦਾ ਹੈ। ਉਹ ਤਾਂ ਇਹ ਸਿੱਧ ਕਰਨਾ ਚਾਹੁੰਦਾ ਹੈ ਕਿ ਅੰਗਹੀਣ ਮਨੁੱਖ ਦੂਜਿਆਂ ਨਾਲੋਂ ਕਿਸੇ ਤਰ੍ਹਾਂ ਵੀ ਮਾੜਾ ਤੇ ਲਾਚਾਰ ਨਹੀਂ ਹੁੰਦਾ। ਉਹ ਅੰਗਹੀਣਤਾ ਨੂੰ ਵੀ ਪਰਮਾਤਮਾ ਦੀ ਦੇਣ ਮੰਨਦਾ ਹੈ। ਇਸ ਲਈ ਸਵੈਨਿਰਭਰ ਹੋਣ ਲਈ ਸਿਰਤੋੜ ਯਤਨ ਕਰਦਾ ਹੈ। ਇਸ ਮੰਤਵ ਦੀ ਪੂਰਤੀ ਹਿਤ ਉਹ ਹਰ ਆਧੁਨਿਕ ਸਾਧਨ ਨੂੰ ਅਪਣਾ ਰਿਹਾ ਹੈ, ਉਹ ਭਾਵੇਂ ਕੰਮਪਿਊਟਰ ਹੋਵੇ ਜਾਂ ਮੀਡੀਆ।

ਮਨਪ੍ਰੀਤ ਦੀ ਹਿੰਮਤ ਨੂੰ ਸਲਾਮ। ਪ੍ਰਮਾਤਮਾ ਉਸ ਨੂੰ ਹੋਰ ਹਿੰਮਤ ਬਖਸ਼ੇ।

ਰੂਹਾਨੀ ਰਮਜ਼ਾਂ

# ਸੱਚ ਨੂੰ ਕਿਵੇਂ ਜਾਣਿਆ ਜਾਵੇ ?

ਪ੍ਰਿਤਪਾਲ ਸਿੰਘ
ਰੂਪਨਗਰ



ਇੱਕ ਪਿੰਡ ਵਿੱਚ ਮਹਾਤਮਾ ਬੁੱਧ ਮਹਿਮਾਨ ਸਨ। ਕੁੱਝ ਲੋਕ ਇੱਕ ਅੰਨ੍ਹੇ ਆਦਮੀ ਨੂੰ ਫੜ ਲਿਆਏ ਤੇ ਕਹਿਣ ਲੱਗੇ ਕਿ ਇਸ ਮਿੱਤਰ ਨੂੰ ਸਮਝਾ ਦਿਓ ਕਿ ਪ੍ਰਕਾਸ਼ ਹੈ। ਇਹ ਆਦਮੀ ਇਨਕਾਰ ਕਰਦਾ ਹੈ। ਇਹ ਕਹਿੰਦਾ ਹੈ ਕਿ ਪ੍ਰਕਾਸ਼ ਨਹੀਂ ਹੈ। ਅਸੀਂ ਜਾਣਦੇ ਹਾਂ ਕਿ ਪ੍ਰਕਾਸ਼ ਹੈ, ਪਰ ਸਿੱਧ ਨਹੀਂ ਕਰ ਸਕਦੇ ਕਿ ਪ੍ਰਕਾਸ਼ ਹੈ। ਇਹ ਕਹਿੰਦਾ ਹੈ, "ਮੈਂ ਛੂਹ ਕੇ ਦੇਖ ਸਕਦਾ ਹਾਂ, ਸੁਆਦ ਲੈ ਕੇ ਦੇਖ ਸਕਦਾ ਹਾਂ। ਦਿਖਾਉ ਉਸ ਪ੍ਰਕਾਸ਼ ਨੂੰ ਮੈਂ ਉਸ ਦੀ ਆਵਾਜ਼ ਨੂੰ ਸੁਣ ਲਵਾਂ। ਸੁਗੰਧੀ ਹੋਵੇ ਤੁਹਾਡੇ ਪ੍ਰਕਾਸ਼ ਵਿੱਚ ਤਾਂ ਉਸ ਦੀ ਮਹਿਕ ਲੈ ਲਵਾਂ"। ਪਰ ਜਦ ਅਸੀਂ ਕਹਿੰਦੇ ਹਾਂ ਕਿ ਪ੍ਰਕਾਸ਼ ਨੂੰ ਨਾ ਛੂਹਿਆ ਜਾ ਸਕਦਾ ਹੈ, ਨਾ ਇਸ ਦੀ ਸੁਗੰਧੀ ਲਈ ਜਾ ਸਕਦੀ ਹੈ, ਨਾ ਮਹਿਕ, ਨਾ ਉਸ ਦੀ ਆਵਾਜ਼ ਹੈ, ਉਸ ਨੂੰ ਤਾਂ ਕੇਵਲ ਦੇਖਿਆ ਹੀ ਜਾ ਸਕਦਾ ਹੈ। ਤਦ ਇਹ ਅੰਨ੍ਹਾਂ ਆਦਮੀ ਕਹਿੰਦਾ ਹੈ, "ਇਹ ਦੇਖਣਾ ਕੀ ਹੈ? ਅਨਾੜੀ! ਤੁਸੀਂ ਮੈਨੂੰ ਅੰਨ੍ਹਾਂ ਸਿੱਧ ਕਰਨ ਲਈ ਕਿਉਂ ਪ੍ਰਕਾਸ਼ ਦੀਆਂ ਗੱਲਾਂ ਕਰਦੇ ਹੋ? ਤੁਹਾਨੂੰ ਵੀ ਨਹੀਂ ਦਿਖਾਈ ਪੈਂਦਾ, ਕਿਸੇ ਨੂੰ ਵੀ ਦਿਖਾਈ ਨਹੀਂ ਪੈਂਦਾ, ਜੋ ਨਹੀਂ ਹੈ ਉਹ ਦਿਖਾਈ ਕਿਵੇਂ ਪਵੇਗਾ?"

ਬੁੱਧ ਨੇ ਕਿਹਾ, "ਮੈਂ ਇਸ ਨੂੰ ਨਹੀਂ ਸਮਝਾਵਾਂਗਾ, ਕਿਉਂ ਕਿ ਇਸ ਹਾਲਤ ਵਿੱਚ ਇਸ ਨੂੰ ਸਮਝਾਉਣਾ ਨਾਸਮਝੀ ਹੋਵੇਗੀ। ਅੰਨ੍ਹਾਂ ਆਦਮੀ ਤਾਂ ਚੀਜ਼ਾਂ ਨੂੰ ਛੂਹ ਕੇ ਹੀ ਜਾਣਦਾ ਹੈ। ਉਸ ਦੇ ਜੀਵਨ ਦੀ ਪਛਾਣ ਦਾ ਰਸਤਾ ਛੋਹ ਹੈ। ਹੋਣ ਦਾ, ਵਜੂਦ ਦਾ ਸਬੂਤ ਛੋਹ ਹੈ ਉਹ ਦੇ ਲਈ। ਉਹ ਕਹਿੰਦਾ ਹੈ ਕਿ ਮੈਂ ਪ੍ਰਕਾਸ਼ ਨੂੰ ਛੂਹ ਕੇ ਦੇਖਣਾ ਚਾਹੁੰਦਾ ਹਾਂ। ਉਹ ਗਲਤ ਤਾਂ ਨਹੀਂ ਕਹਿੰਦਾ, ਉਹ ਚੀਜ਼ਾਂ ਨੂੰ ਛੂਹ ਕੇ ਹੀ ਜਾਣਦਾ ਹੈ। ਜਿਨ੍ਹਾਂ ਨੂੰ ਛੂਹ ਲੈਂਦਾ ਹੈ, ਮੰਨਦਾ ਹੈ ਕਿ ਉਹ ਹਨ। ਜਿਨ੍ਹਾਂ ਨੂੰ ਛੂਹ ਨਹੀਂ ਸਕਦਾ ਮੰਨਦਾ ਹੈ ਕਿ ਨਹੀਂ ਹਨ। ਉਸ ਲਈ ਛੂਹਣਾ ਹੀ ਹੋਣ ਦਾ ਪ੍ਰਮਾਣ ਹੈ। ਇਸ ਨੂੰ ਕਿਸੇ ਵਿਚਾਰਕ ਕੋਲ ਵੀ ਲਿਜਾਣ ਦੀ ਜ਼ਰੂਰਤ ਨਹੀਂ ਹੈ। ਇਸ ਨੂੰ ਕਿਸੇ ਵੈਦ ਕੋਲ ਲੈ ਜਾਉ। ਇਸ ਨੂੰ ਉਪਦੇਸ਼ ਦੀ ਲੋੜ ਨਹੀਂ ਹੈ, ਇਸ ਨੂੰ ਇਲਾਜ ਦੀ ਜ਼ਰੂਰਤ ਹੈ। ਇਸ ਦੀਆਂ ਅੱਖਾਂ ਦਾ ਇਲਾਜ ਕਰਵਾਉ, ਤਾਂ ਜੋ ਇਹ ਦੇਖ ਸਕੇ। ਜਿਸ ਦਿਨ ਇਹ ਦੇਖ ਸਕੇਗਾ ਅੰਦਰੋਂ, ਉਸ ਦਿਨ ਹੀ ਜਾਣ ਸਕੇਗਾ, ਉਸ ਤੋਂ ਪਹਿਲਾਂ ਨਹੀਂ। ਲੱਖ ਬੁੱਧ ਸਮਝਾਉਣ ਤਾਂ ਵੀ ਕੋਈ ਫਰਕ ਨਹੀਂ ਪੈ ਸਕਦਾ"।

ਉਸ ਆਦਮੀ ਨੂੰ ਵੈਦ ਕੋਲ ਲੈ ਜਾਇਆ ਗਿਆ। ਉਸ ਦੀਆਂ ਅੱਖਾਂ 'ਤੇ ਕੋਈ ਜਾਲ਼ਾ ਸੀ, ਜੋ ਛੇ ਕੁ ਮਹੀਨਿਆਂ ਦੇ ਇਲਾਜ ਨਾਲ ਕੱਟਿਆ ਗਿਆ। ਉਹ ਆਦਮੀ ਨੱਚਦਾ ਹੋਇਆ ਬੁੱਧ ਕੋਲ ਆਇਆ, ਉਨ੍ਹਾਂ ਦੇ ਚਰਨਾਂ 'ਚ ਡਿਗ ਪਿਆ ਅਤੇ ਕਹਿਣ ਲੱਗਾ ਕਿ ਪ੍ਰਕਾਸ਼ ਹੈ। ਲੇਕਿਨ ਬੁੱਧ ਨੇ ਕਿਹਾ, "ਛੂਹ ਕੇ ਦਿਖਾ ਕਿੱਥੇ? ਮੈਂ ਛੂਹ ਕੇ ਦੇਖਣਾ ਚਾਹੁੰਦਾ ਹਾਂ"। ਇਹ ਅੰਨ੍ਹਾਂ ਆਦਮੀ ਹੱਸਣ ਲੱਗਾ ਕਿ ਨਹੀਂ ਪ੍ਰਕਾਸ਼ ਛੂਹ ਕੇ ਨਹੀਂ ਜਾਣਿਆ ਜਾ ਸਕਦਾ। ਤਾਂ ਬੁੱਧ ਨੇ ਕਿਹਾ, "ਮੈਂ ਉਸ ਦਾ ਸੁਆਦ ਲੈਣਾ ਚਾਹੁੰਦਾ ਹਾਂ"। ਉਹ ਆਦਮੀ ਕਹਿਣ ਲੱਗਾ ਕਿ ਤੁਸੀਂ ਮਜ਼ਾਕ ਨਾ ਕਰੋ, ਉਸ ਦਾ ਸੁਆਦ ਵੀ ਨਹੀ ਲਿਆ ਜਾ ਸਕਦਾ। ਤਾਂ ਬੁੱਧ ਨੇ ਕਿਹਾ, "ਦੱਸ ਉਸ ਨੂੰ, ਤਾਂ ਜੋ ਮੈਂ ਉਸ ਦੀ ਆਵਾਜ਼ ਸੁਣ ਸਕਾਂ"। ਉਹ ਆਦਮੀ ਕਹਿਣ ਲੱਗਾ, "ਤੁਸੀਂ ਪੁਰਾਣੀਆਂ ਗੱਲਾਂ ਛੱਡ ਦਿਉ। ਹੁਣ ਮੈਨੂੰ ਵੀ ਦਿਖਾਈ ਪੈਂਦਾ ਹੈ। ਪ੍ਰਕਾਸ਼ ਨੂੰ ਦੇਖਿਆ ਜਾ ਸਕਦਾ ਹੈ, ਮੈਂ ਦੇਖ ਰਿਹਾ ਹਾਂ, ਉਹ ਹੈ"।

ਬੁੱਧ ਨੇ ਕਿਹਾ, "ਪਹਿਲਾਂ ਤਾਂ ਉਹ ਤੈਨੂੰ ਸਮਝਾਉਂਦੇ ਸਨ, ਤਾਂ ਤੂੰ ਨਹੀਂ ਸਮਝਦਾ ਸੀ"। ਉਸ ਆਦਮੀ ਨੇ ਕਿਹਾ, "ਮੇਰੀ ਕੋਈ ਗਲਤੀ ਨਹੀਂ ਸੀ। ਗਲਤੀ ਉਨ੍ਹਾਂ ਦੀ ਸੀ, ਜਿਹੜੇ ਸਮਝਾਉਂਦੇ ਸਨ ਕਿਉਂਕਿ ਅੰਨ੍ਹੇ ਆਦਮੀ ਨੂੰ ਕਿਵੇਂ ਸਮਝਾਇਆ ਜਾ ਸਕਦਾ ਹੈ? ਜੇ ਮੈਂ ਉਨ੍ਹਾਂ ਦੀ ਗੱਲ ਮੰਨ ਲੈਂਦਾ ਤਾਂ ਗਲਤੀ 'ਚ ਪੈ ਜਾਂਦਾ। ਮੈਂ ਉਨ੍ਹਾਂ ਦੀ ਗੱਲ ਨਹੀਂ ਮੰਨੀ। ਨਹੀਂ ਮੰਨੀ ਤਾਂ ਉਨ੍ਹਾਂ ਨੂੰ ਮੇਰਾ ਇਲਾਜ ਕਰਾਉਣਾ ਪਿਆ। ਜੇ ਮੈਂ ਉਨ੍ਹਾਂ ਦੀ ਗੱਲ ਮੰਨ ਲੈਂਦਾ ਤਾਂ ਸ਼ਾਇਦ ਇਲਾਜ ਦੀ ਕੋਈ ਜ਼ਰੂਰਤ ਨਹੀਂ ਸੀ। ਜੇ ਮੰਨ ਲੈਂਦਾ ਤੇ ਗੱਲ ਖਤਮ ਹੋ ਜਾਂਦੀ, ਮੈਂ ਅੰਨ੍ਹਾਂ ਹੀ ਰਹਿ ਜਾਂਦਾ ਅਤੇ ਕਦੇ ਨਾ ਜਾਣ ਸਕਦਾ"।

ਜਾਣਿਆਂ ਜਾ ਸਕਦਾ ਹੈ ਸੱਚ ਨੂੰ, ਮੰਨਿਆਂ ਨਹੀਂ ਜਾ ਸਕਦਾ। ਸਿੱਖਿਆ ਨਹੀਂ ਜਾ ਸਕਦਾ, ਸਿਖਾਇਆ ਨਹੀਂ ਜਾ ਸਕਦਾ। ਸੱਚ ਦੀ ਕੋਈ ਲਰਨਿੰਗ ਨਹੀਂ ਹੁੰਦੀ। ਇਸੇ ਲਈ ਸੱਚ ਦਾ ਕੋਈ ਸਕੂਲ ਨਹੀਂ ਹੁੰਦਾ, ਜਿੱਥੇ ਸਿਖਾ ਦਿੱਤਾ ਜਾਵੇ ਤੇ ਲੋਕ ਸਿੱਖ ਲੈਣ। ਲੇਕਿਨ ਇਲਾਜ ਹੋ ਸਕਦਾ ਹੈ। ਇਸ ਲਈ ਸੱਚ ਨੂੰ ਕਦੇ ਦੱਸਿਆ ਨਹੀਂ ਜਾ ਸਕਦਾ, ਜਾਣਿਆਂ ਜਾ ਸਕਦਾ ਹੈ।

(ਸ਼੍ਰੀ ਰਜਨੀਸ਼(ਓਸ਼ੋ) ਦੀ ਪੁਸਤਕ, 'ਸੱਚ ਦੀ ਖੋਜ ਵਿੱਚੋਂ')


- ਸੈਣੀ ਭਵਨ ਦੇ ਆਜੀਵਨ ਮੈਂਬਰ ਬਣੋ। ਫੀਸ 2500/-
- "ਸੈਣੀ ਸੰਸਾਰ" ਦੇ ਪਾਠਕ ਬਣੋ, ਫੀਸ 100/- ਸਾਲਾਨਾ
- ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ ਦਾਨ ਦਿਓ।
- ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਵਿਤੀ ਸਹਾਇਤਾ ਕਰੋ।
- ਮੈਗਜ਼ੀਨ ਸੈਣੀ ਸੰਸਾਰ ਵਿੱਚ ਆਪਣੇ ਕਾਰੋਬਾਰਾਂ ਦੇ ਇਸ਼ਤਿਹਾਰ ਦਿਓ।
- ਮੈਗਜ਼ੀਨ ਵਿੱਚ ਆਪਣਿਆਂ ਬੱਚਿਆਂ ਦੇ ਰਿਸ਼ਤਿਆਂ ਲਈ ਮੈਟਰੀਮੋਨੀਅਲ ਦਿਓ।

ਕਹਾਣੀ

# ਮੋੜਾ

(ਸਵ:) *ਨਵਤੇਜ ਪੁਆਧੀ (ਸੈਣੀ)
ਪਿੰਡ-ਭਿਉਰਾ (ਰੂਪਨਗਰ)



ਮੂੰਹ-ਹਨੇਰੇ ਹੀ ਪਿਆਰੇ ਨੇ ਤਾਂਗਾ ਘਰੋਂ ਕੱਢ ਲਿਆ। ਪੱਕੀ ਸੜਕ 'ਤੇ ਪਹੁੰਚ ਕੇ ਉਸ ਨੇ ਤਾਂਗਾ ਸੜਕ ਤੋਂ ਹੇਠਾਂ ਕਰ ਕੇ ਖੜ੍ਹਾ ਕਰ ਲਿਆ ਤੇ ਆਪ ਕੈਲੇ ਦੀ ਚਾਹ ਦੀ ਹੱਟੀ 'ਤੇ ਜਾ ਬੈਠਾ। ਪਿਆਰੇ ਨੇ ਹੱਥ ਭੱਠੀ ਵਿੱਚ ਬਲ ਰਹੀ ਅੱਗ ਕੋਲ ਕਰ ਦਿੱਤੇ ਤੇ ਨਿੱਘੇ ਹੋਏ ਹੱਥ ਮੂੰਹ 'ਤੇ ਫੇਰ ਲਏ। ਕੈਲੇ ਨੇ ਚਾਹ ਭਬਕੇ ਵਿੱਚ ਪਾ ਕੇ ਪਿਆਰੇ ਅੱਗੇ ਰੱਖ ਦਿੱਤੀ। ਪਿਆਰੇ ਨੇ ਚੁਸਕੀਆਂ ਲੈ ਲੈ ਕੇ ਅਜੇ ਚਾਹ ਪੀਣੀ ਸ਼ੁਰੂ ਹੀ ਕੀਤੀ ਸੀ ਕਿ ਕਈ ਸਵਾਰੀਆਂ ਰੋਪੜ ਜਾਣ ਵਾਲੀਆਂ ਆ ਗਈਆਂ। ਉਸ ਨੇ ਘੁਟਾ-ਬਾਟੀ ਕਰ ਚਾਹ ਮੁਕਾਈ। ਉਸ ਨੇ ਕੈਲੇ ਨੂੰ ਬੋਹਣੀ ਕਰਵਾ ਘੋੜੇ ਦੀ ਪਿੱਠ 'ਤੇ ਹੱਥ ਫੇਰਿਆ ਤੇ ਨਿੱਘੀ ਜਿਹੀ ਥਾਪੀ ਦਿੱਤੀ। ਅੱਗੋਂ ਘੋੜਾ ਹਿਣਕ ਪਿਆ, ਜਿਵੇਂ ਸਮਝ ਗਿਆ ਹੋਵੇ ਕਿ ਹੁਣ ਤੁਰਨ ਦਾ ਵੇਲਾ ਆ ਗਿਆ ਹੈ।

ਪਿਆਰੇ ਨੇ ਸੱਤ-ਅੱਠ ਕੱਠੀਆਂ ਹੋਈਆਂ ਸਵਾਰੀਆਂ ਨੂੰ ਬਿਠਾ ਕੇ ' ਚੱਲ ਬਈ ਸ਼ੇਰਾ' ਆਖ ਤਾਂਗਾ ਭਜਾ ਲਿਆ। ਦੋ ਤਿੰਨ ਸਵਾਰੀਆਂ " ਬਾਖਰੂ ਬਾਖਰੂ" ਕਰੀ ਜਾ ਰਹੀਆਂ ਸਨ। ਘੋੜੇ ਨੂੰ ਚਾਲੇ ਪਿਆ ਦੇਖ ਪਿਆਰੇ ਨੂੰ ਇੱਕ ਨਸ਼ਾ ਜਿਹਾ ਆ ਗਿਆ ਤੇ ਉਸ ਨੇ ਲੋਰ ਵਿੱਚ ਆ ਕੇ ਇੱਕ ਸੁਰ ਛੇੜ ਦਿੱਤੀ: "ਸੜਕਾਂ ਤੇ ਰੁੜ੍ਹ ਵੱਟਿਆ, ਜਿਹਨੇ ਆੜੀ ਨਹੀਂ ਲਾਈ, ਉਹਨੇ ਜੱਗ ਵਿੱਚੋਂ ਕੀ ਖੱਟਿਆ"। ਤਾਂਗੇ ਦੀ ਪਿਛਲੀ ਸੀਟ 'ਤੇ ਬੈਠੀ ਇੱਕ ਜਨਾਨੀ ਨੇ ਕੁਸੈਲਾ ਜਿਹਾ ਮੂੰਹ ਕਰ ਕੇ ਪਿਆਰੇ ਵੱਲ ਤੱਕਿਆ, ਪਰ ਆਪਣੀ ਹੀ ਲੋਰ ਵਿੱਚ ਮਸਤ ਪਿਆਰੇ ਨੇ ਕੋਈ ਧਿਆਨ ਨਹੀਂ ਦਿੱਤਾ। ਚਾਨਣ ਹੁੰਦਿਆਂ ਹੀ ਪਿਆਰੇ ਦਾ ਤਾਂਗਾ ਰੋਪੜ ਪੁੱਜ ਗਿਆ। ਉਸ ਨੇ ਘੋੜੇ ਦੇ ਸਰੀਰ 'ਤੇ ਕੱਪੜਾ ਫੇਰਿਆ ਅਤੇ ਤਾਂਗਾ ਰੋਪੜ-ਪੁਲ ਵਾਲੇ ਅੱਡੇ 'ਤੇ ਲਿਆ ਖੜ੍ਹਾ ਕੀਤਾ। ਉਸ ਨੇ ਛਾਤੀ ਫੁਲਾ ਹੋਕਾ ਦਿੱਤਾ, " ਭੱਠਾ ਸਾਹਿਬ ਦੀ ਸਵਾਰੀ ਹੈ ਬਈ ਕੋਈ?" ਕਈ ਜ਼ਨਾਨੀ ਸਵਾਰੀਆਂ ਆ ਗਈਆਂ। ਉਹ ਘੋੜੇ ਨੂੰ ਪੁਚਕਾਰਦਾ ਅੱਡੇ ਤੋਂ ਨਿਕਲ ਪਿਆ।

" ਚੱਲ ਓ ਪੁੱਤਰਾ! ਨਾਲੇ ਗੁਰਦੁਆਰੇ ਮੱਥਾ ਟੇਕ ਲਵਾਂਗੇ। ਊਂ ਤਾਂ ਅਸੀਂ ਕਿੱਥੇ ਆਉਣਾ ਐ ਗੁਰਦੁਆਰੇ"। ਪਿਆਰੇ ਨੇ ਘੋੜੇ ਨੂੰ ਸੰਬੋਧਨ ਕੀਤਾ। ਘੋੜੇ ਨੇ ਕੰਨ ਖੜ੍ਹੇ ਕਰ ਲਏ ਤੇ ਉਹ ਹੋਰ ਵੀ ਤੇਜ਼ ਹੋ ਗਿਆ। ਪਿਆਰੇ ਨੇ ਮਿੱਠੀ ਸੁਰ ਛੇੜ ਦਿੱਤੀ, " ਦੇਵੀ ਮਾਤਾ ਗੌਣ ਬਖਸ਼ਦੀ, ਨਾਮ ਲਿਆਂ ਜਗ ਤਰਦਾ"। ਜ਼ਨਾਨੀਆਂ ਨੇ ਕੌੜ ਜਿਹੀਆਂ ਨਜ਼ਰਾਂ ਨਾਲ ਪਿਆਰੇ ਵਲ ਤੱਕਿਆ, ਜਿਵੇਂ ਆਖ ਰਹੀਆਂ ਹੋਣ, " ਕਿੱਥੇ ਗੁਰਦੁਆਰੇ ਦੇ ਰਾਹ ਵਿੱਚ ਦੇਵੀ ਮਾਤਾ ਅੜਾਈ ਫਿਰਦਾ ਐ"। ਪਰ ਉਹ ਤਾਂ ਸਲੇਟੀ ਸੜਕ ਵਲ ਤੱਕ ਰਿਹਾ ਸੀ ਜਿਹੜੀ ਪਿਛਾਂਹ ਵਲ ਭੱਜੀ ਜਾ ਰਹੀ ਸੀ। ਉਸ ਨੂੰ ਪਾਲੇ ਵਿੱਚ ਵੀ ਨਿੱਘ ਮਹਿਸੂਸ ਹੋ ਰਿਹਾ ਸੀ।

ਧੁੰਦ ਛਣ ਚੁੱਕੀ ਸੀ ਤੇ ਸਜਾਦੇ ਦੀਆਂ ਟਿੱਬੀਆਂ ਪਿੱਛੋਂ ਸੂਰਜ ਵੀ ਉੱਚਾ ਹੋ ਗਿਆ ਸੀ। ਤਾਂਗਾ ਭੱਠਾ ਸਾਹਿਬ ਪੁੱਜ ਗਿਆ ਅਤੇ ਸਵਾਰੀਆਂ ਪੈਸੇ ਦੇ ਕੇ ਚਲੇ ਗਈਆਂ। ਗੁਰਦੁਆਰੇ ਮੱਥਾ ਟੇਕ ਕੇ ਜਦੋਂ ਉਹ ਮੁੜਿਆ ਤਾਂ ਰੋਪੜ ਜਾਣ ਲਈ ਸਵਾਰੀਆਂ ਤਿਆਰ ਸਨ। ਪਿਆਰੇ ਨੂੰ ਮੁੜ ਨਿੱਘ ਜਿਹਾ ਆ ਗਿਆ। ਉਸ ਨੇ ਸਵਾਰੀਆਂ ਬਿਠਾ ਕੇ ਤਾਂਗਾ ਰੋਪੜ ਵੱਲ ਹੱਕ ਲਿਆ। ਘੋੜਾ ਦੁੜਕੀ ਚਾਲ ਭੱਜ ਪਿਆ ਸੀ। ਪਿਆਰੇ ਨੂੰ ਇਕ ਲੋਰ ਜਿਹੀ ਆ ਗਈ। ਰੋਪੜ ਦੇ ਅੱਡੇ 'ਤੇ ਆ ਕੇ ਉਸ ਨੇ ਸਵਾਰੀਆਂ ਉਤਾਰੀਆਂ ਅਤੇ ਬਿੰਦ ਸਾਹ ਮਾਰਨ ਲਈ ਉੱਥੇ ਖੜ੍ਹ ਗਿਆ। ਉਸ ਨੇ ਘੋੜੇ ਦੀਆਂ ਵਧਰੀਆਂ ਢਿੱਲੀਆਂ ਕਰ ਦਿੱਤੀਆਂ। ਉਹ ਨੇ ਖੰਭੇ ਦਾ ਆਸਰਾ ਲੈ ਕੇ ਖੜ੍ਹ ਗਿਆ ਅਤੇ ਸੋਚਾਂ ਵਿੱਚ ਡੁੱਬ ਗਿਆ।

ਪਿਆਰੇ ਦੀ ਰੁੱਖੀ ਜ਼ਿੰਦਗੀ ਕੱਲਰਾਂ ਦੇ ਰੁੱਖ ਵਰਗੀ ਹੀ ਤਾਂ ਸੀ। ਕੱਲਾ ਕਲੱਟਾ ਉਹ ਸਾਰਾ ਦਿਨ ਤਾਂਗਾ ਵਹੁੰਦਾ ਰਹਿੰਦਾ। ਨਾ ਉਸ ਦਾ ਵੀਰ ਭਰਾ,ਨਾ ਮਾਂ ਨਾ ਬਾਪ, ਨਾ ਰੰਨ ਨਾ ਕੰਨ। ਜਦ ਦਾ ਉਹ ਬਾਰ ਤੋਂ ਆਇਆ, ਆਹ ਦਿਨ ਆ ਗਏ ਸਨ, ਉਸ ਨੂੰ ਕਮਾਈ ਕਰਦਿਆਂ ਤੇ ਖਰਾਬ ਕਰਦਿਆਂ। ਇਕੱਲੇਪਣ ਨੇ ਉਸ ਨੂੰ ਕਈ ਐਬ ਲਾ ਦਿੱਤੇ ਸਨ। ਕਿਹੜਾ ਐਬ ਸੀ ਜੋ ਉਹ ਨਹੀਂ ਸੀ ਕਰਦਾ? ਤਾਂ ਵੀ ਉਸ ਦਾ ਗੋਰਾ ਰੰਗ ਵੈਲਣਾਂ ਦੇ ਦਿਲਾਂ ਵਿੱਚ ਸੇਲ੍ਹੇ ਮਾਰਦਾ ਸੀ। ਉਸ ਦੇ ਮੂੰਹ ਵਿੱਚ ਲੱਗਾ ਸੋਨੇ ਦਾ ਦੰਦ ਉਸ ਨੂੰ ਹੋਰ ਵੀ ਨਿਖਾਰਦਾ ਸੀ। ਬਚਪਨ ਵਿੱਚ ਉਹ ਬਾਰ ਤੋਂ ਆਇਆ ਸੀ ਤੇ ਅੱਜ ਜਵਾਨੀ ਵਿੱਚ ਤਾਂਗਾ ਵਾਹ ਰਿਹਾ ਸੀ। ਜਦ ਮਾਂ ਬਾਪ ਜਿੰਦਾ ਸੀ ਤਾਂ ਉਹ ਵਿਆਹ ਲਈ ਨਹੀਂ ਸੀ ਮੰਨਿਆਂ ਤੇ ਹੁਣ ਕੋਈ ਸਾਕ ਉਸ ਨੂੰ ਕਰਦਾ ਨਹੀਂ ਸੀ। ਉਂਜ ਜਣੀ ਖਣੀ ਉਸ ਨਾਲ ਖਹਿੰਦੀ ਸੀ। ਇਹ ਔਰਤਾਂ ਸਿਰਫ ਉਸ ਦੀ ਕਮਾਈ ਪਿੱਛੇ ਮਰਦੀਆਂ ਸਨ।

ਕਈ ਦਿਨਾਂ ਤੋਂ ਹੁਣ ਪਿਆਰੇ ਨੇ ਅੱਖਾਂ ਵਿੱਚ ਸੁਰਮਾ ਪਾਉਣਾ ਬੰਦ ਕਰ ਦਿੱਤਾ ਸੀ। ਅੱਜ ਕੱਲ੍ਹ ਉਸ ਦਾ ਮਨ ਆਕਾਸ਼ੀ ਉਡ ਰਿਹਾ ਸੀ। ਲਾਗਲੇ ਪਿੰਡ ਦੀ ਪਰਜੀ ਨੇ ਉਸ ਦਾ ਦਿਲ ਮੱਲ ਰੱਖਿਆ ਸੀ। ਪਰਜੀ ਜੱਟੀ ਸੀ ਜਿਸ ਦਾ ਦੁਹਾਜੂ ਪਤੀ ਰੁਲੀਆ ਪਿੱਛੇ ਜਿਹੇ ਦਮੇ ਕਰ ਕੇ ਮਰ ਗਿਆ ਸੀ। ਮਾਪਿਆਂ ਦੇ ਆਖਣ 'ਤੇ ਵੀ ਪਰਜੀ ਆਪਣਾ ਘਰ ਛੱਡ ਕੇ ਨਹੀਂ ਗਈ ਸੀ। ਉਸ ਦੇ ਕੋਈ ਬੱਚਾ ਨਹੀਂ ਸੀ। ਅਜੇ ਦੋ ਸਾਲ ਹੀ ਤਾਂ ਹੋਏ ਸਨ ਉਹ ਸੱਠਾਂ ਦੇ ਨਾਲ ਵਿਆਹ ਕੇ ਆਈ ਸੀ ਅਠਾਰਾਂ ਦੀ। ਪਰਜੀ ਦਾ ਪਤੀ ਵੈਲੀ ਹੋਣ ਕਾਰਨ ਪਹਿਲਾਂ ਹੀ ਪਿਆਰੇ ਦਾ ਲੰਗੋਟੀਆ ਸੀ। ਪਿਆਰੇ ਦਾ ਪਹਿਲੇ ਤੋਂ ਹੀ ਇਨ੍ਹਾਂ ਦੇ ਘਰ ਆਉਣ ਜਾਣ ਸੀ। ਪਰਜੀ ਦਾ ਮੁਸ਼ਕੀ ਰੰਗ ਵੀ ਪਿਆਰੇ ਦੇ ਗੋਰੇ ਰੰਗ ਨੂੰ ਜਚ ਗਿਆ ਸੀ।

ਪਰਜੀ ਵੀ ਹਰ ਸੰਭਵ ਪਿਆਰੇ ਤੇ ਜਿੰਦ ਵਾਰਦੀ ਸੀ।

ਜਦ ਤੋਂ ਪਰਜੀ ਦਾ ਪਤੀ ਮਰਿਆ ਸੀ, ਪਿਆਰਾ ਘੱਟ ਹੀ ਉਸ ਦੇ ਘਰ ਜਾਂਦਾ ਸੀ। ਪਿਛਲੇ ਦਿਨੀਂ ਮਿਲੇ ਇਸ ਸੁਨੇਹੇ ਨੇ, " ਮੈਂ ਤਿਆਰ ਬੈਠੀ ਆਂ, ਜਦ ਮਰਜ਼ੀ ਆ ਕੇ ਲੈ ਜਾ" ਮੁੜ ਪਿਆਰੇ ਨੂੰ ਬੇਚੈਨ ਕਰ ਦਿੱਤਾ ਸੀ। ਉਹ ਦਿਨ-ਰਾਤ ਸੋਚਾਂ ਵਿੱਚ ਪਿਆ ਤਰਲੋਮੱਛੀ ਹੋ ਰਿਹਾ ਸੀ। ਉਸ ਨੇ ਦੋ ਤਿੰਨ ਕਰੀਬੀ ਯਾਰਾਂ ਤੋਂ ਸਲਾਹ ਵੀ ਲਈ ਸੀ, ਪਰ ਉਨ੍ਹਾਂ ਨੇ ਉਸ ਨੂੰ ਇਸ ਗੱਲੋਂ ਮੋੜ ਹੀ ਦਿੱਤਾ ਸੀ ਕਿਉਂ ਜੋ ਬੰਨੇ ਦਾ ਸਵਾਲ ਸੀ। ਪਰ ਪਿਆਰਾ ਫਿਰ ਵੀ ਇਸ ਗੱਲ 'ਤੇ ਵਿਚਾਰ ਕਰ ਰਿਹਾ ਸੀ।

ਇਨ੍ਹਾਂ ਸੋਚਾਂ ਵਿੱਚ ਡੁੱਬੇ ਪਿਆਰੇ ਨੂੰ ਮਾੜੂ ਤਾਂਗੇ ਵਾਲੇ ਦੇ ਬੋਲਾਂ, 'ਪਿਆਰਾ ਸਿਆਂ ਚਿੱਤ ਰਾਜੀ ਨੀ?' ਨੇ ਜਗਾ ਦਿੱਤਾ। ਉਹ ਦੂਜੇ ਪਾਸੇ ਮੂੰਹ ਕਰ ਕੇ ਘੋੜੇ ਦੇ ਸਰੀਰ ਤੇ ਹੱਥ ਫੇਰਨ ਲੱਗਾ। ਉਸ ਦੀ ਨਿਗਾਹ ਨੇੜੇ ਹੀ ਜਾ ਰਹੀਆਂ ਦੋ ਚੰਚਲ ਮੁਟਿਆਰਾਂ ਤੇ ਗੱਡੀ ਗਈ। ਇੰਨੇ ਵਿੱਚ ਹੀ ਉਸ ਦੇ ਪਿੰਡ ਦੀ ਨੱਥੀ ਆ ਗਈ, ਜਿਹੜੀ ਕਦੇ ਪਿਆਰੇ ਦੀ ਕਮਾਈ ਕਰ ਕੇ ਉਸ ਦੇ ਨੇੜੇ ਹੋਈ ਸੀ ਤੇ ਪਿੱਛੇ ਜਿਹੇ ਪਰਜੀ ਕਰਕੇ ਉਸ ਤੋਂ ਪਰ੍ਹਾਂ ਹਟ ਗਈ ਸੀ।

"ਪਰਜੀ ਨਾਲੋਂ ਸੋਹਣੀਆਂ ਤਾਂ ਨੀ"। ਨੱਥੀ ਨੇ ਪਿਆਰੇ ਨੂੰ ਲਾ ਕੇ ਗੱਲ ਆਖੀ। "ਤੂੰ ਕਿਹੜਾ ਪਰਜੀ ਨਾਲੋਂ ਜਾਦਾ ਸੋਹਣੀ ਐਂ"? ਪਿਆਰੇ ਨੇ ਵੀ ਨੱਥੀ ਨੂੰ ਥੱਲੇ ਲਾਹ ਦਿੱਤਾ। ਨੱਥੀ ਜਿਵੇਂ ਮਰੋੜਾ ਖਾ ਗਈ ਤੇ ਨਹੋਰਾ ਮਾਰ ਕੇ ਤੁਰ ਗਈ, "ਲੈ ਆ ਨਾ ਜਾ ਕੇ"।

"ਤੂੰ ਦਫਾ ਹੋ ਜਾ ਕੇ"। ਪਿਆਰੇ ਨੇ ਗੁੱਸਾ ਥੁੱਕ ਦਿੱਤਾ। ਨਥੀ ਵਿਸ ਘੋਲਦੀ ਕਾਫੀ ਦੂਰ ਚਲੀ ਗਈ ਸੀ। ਪਿਆਰੇ ਦਾ ਮੂੰ ਭਖ ਪਿਆ, ਜਿਵੇਂ ਉਸ ਨੂੰ ਕਿਸੇ ਓਪਰੀ ਹਵਾ ਨੇ ਹਿਲਾ ਦਿੱਤਾ ਸੀ। ਉਸ ਨੇ ਝੱਟ ਹੀ ਘੋੜੇ ਦੀਆਂ ਵਧਰੀਆਂ ਕੱਸ ਲਈਆਂ ਤੇ ਤਾਂਗਾ ਅੱਡੇ 'ਚੋਨ ਕੱਢ ਲਿਆ। ਹੋਰ ਤਾਂਗਿਆਂ ਵਾਲੇ ਹੈਰਾਨ ਹੋਏ, ਪਰ ਕਿਸੇ ਨੇ ਪਿਆਰੇ ਤੋਂ ਪੁੱਛਿਆ ਕੁੱਝ ਨਾ।

ਪਿਆਰੇ ਨੇ ਪਰਾਣੀ ਚੁੱਕ ਹੋਕਾ ਲਾਇਆ, " ਹੈ ਬਈ ਕੋਈ ਮਲਕਪੁਰ ਦੀ ਸਵਾਰੀ?" ਪਰ ਸਵਾਰੀ ਕੋਈ ਵੀ ਨਹੀਂ ਸੀ ਉੱਧਰ ਦੀ। ਪਿਆਰਾ ਤਾਂਗਾ ਉੱਥੇ ਛੱਡ ਸਾਹਮਣੇ ਦੇਸੀ ਸ਼ਰਾਬ ਦੇ ਠੇਕੇ ਜਾ ਵੜਿਆ ਤੇ ਅੱਧਾ ਲੈ ਡੱਬ 'ਚ ਦੇ ਤਾਂਗੇ ਪਾਸ ਆ ਗਿਆ। ਉਸ ਨੇ ਅੱਧਾ ਖਾਲੀ ਕਰ ਵਗ੍ਹਾਹ ਕੇ ਮਾਰਿਆ। ਖਾਲੀ ਅੱਧਾ ਰਿੜ੍ਹਦਾ ਰਿੜ੍ਹਦਾ ਪਰ੍ਹਾਂ ਨਿਵਾਣ ਵੱਲ ਖੜ੍ਹੇ ਗੱਲਾਂ ਕਰ ਰਹੇ ਥਾਣੇਦਾਰ ਦੇ ਪੈਰਾਂ ਨਾਲ ਜਾ ਵੱਜਾ।

"ਕਿਉਂ ਓਏ ਪਿਆਰਿਆ! ਅੰਦਰ ਹੋਣ ਦੀ ਸਲਾਹ ਐ?" ਥਾਣੇਦਾਰ ਨੇ ਲਿਹਾਜੀ ਰੋਹਬ ਨਾਲ ਪਿਆਰੇ ਨੂੰ ਕਿਹਾ। "ਨਜੈਜ ਸ਼ਰਾਬ ਫਿਰ ਕੌਣ ਫੜਾਊ ਪੰਡਤ ਜੀ?" ਪਿਆਰੇ ਨੇ ਮੁਲਾਹਜੇ ਵਜੋਂ ਕਿਹਾ। ਪੰਡਤ ਦੇ ਨਾਲ ਹੀ ਦੂਜੇ ਪਾਸੇ ਖੜ੍ਹ ਵੀ ਹੱਸ ਪਏ। ਨਸ਼ਈ ਜਿਹੇ ਪਿਆਰੇ ਨੇ ਇੱਕ ਹੋਰ ਹੋਕਾ ਲਾਇਆ, " ਹੈ ਬਈ ਕੋਈ ਮਲਕਪੁਰ ਦੀ ਸਵਾਰੀ?" ਜਦ ਕੋਈ ਸਵਾਰੀ ਨਾ ਆਈ ਤਾਂ ਉਸ ਨੇ ਗਾਲ੍ਹ ਕੱਢ ਕੇ ਮਨ ਦਾ ਭਾਰ ਹੌਲਾ ਕਰ ਲਿਆ, " ਮਾਂ...! ਨਹੀਂ ਆਉਂਦੀ ਤਾਂ ਨਾ ਆਵੇ।" ਉਸ ਨੇ ਖਾਲੀ ਤਾਂਗੇ ਨੂੰ ਹੀ ਮਲਕ ਵਾਲੀ ਸੜਕ 'ਤੇ ਪਾ ਲਿਆ। ਅੱਗੇ ਖੇਮੇ ਦਾ ਤਾਂਗਾ ਜਾ ਰਿਹਾ ਸੀ।

" ਪਰ੍ਹਾਂ ਕਰ ਓਏ ਗਡੀਰ ਨੂੰ"। ਪਿਆਰੇ ਨੇ ਲਲਕਾਰਾ ਮਾਰਿਆ। "ਉੱਪਰ ਦੀ ਛਾਲ ਮਰਾ ਲਾ"। ਖੇਮੇ ਨੇ ਹਸਦਿਆਂ ਆਖਿਆ ਤੇ ਪਿਆਰੇ ਨੂੰ ਖਾਲੀ ਤਾਂਗਾ ਲਈ ਜਾਂਦਿਆਂ ਹੈਰਾਨ ਵੀ ਹੋਇਆ।

" ਲੈ ਅਇਆ ਈ ਫਿਰ ਬੱਚੂ"। ਪਿਆਰੇ ਨੇ ਆਪਣੇ ਘੋੜੇ ਨੂੰ ਛਾਂਟਾ ਮਾਰਿਆ ਤੇ ਉਸ ਦਾ ਤਾਂਗਾ ਖੇਮੇ ਦੇ ਤਾਂਗੇ ਨੂੰ ਛਰਿਦਾ ਅੱਗੇ ਲੰਘ ਗਿਆ। ਪਿਆਰੇ ਨੇ ਖੰਘੂਰਾ ਮਾਰ ਕੇ ਗਲਾ ਸਾਫ ਕਰਦਿਆਂ ਮੁੱਛਾਂ ਨੂੰ ਤਾਅ ਦਿੱਤਾ। ਉਸ ਦੇ ਮੂੰਹ ਤੇ ਹੁਣ ਇੱਕ ਖੇੜਾ ਸੀ। ਉਸ ਦਾ ਤਾਂਗਾ ਸਲੇਟੀ ਕਿਰਮਚੀ ਸੜਕ ਨੂੰ ਪਿਛਾਂਹ ਛੱਡਦਾ ਬਾਜ਼ਾਰ ਦਾ ਮੋੜ ਮੁੜ ਗਿਆ।

ਅਗਲੇ ਮੋੜ ਤੋਂ ਮੁੜ ਕੇ ਪਿਆਰੇ ਦਾ ਘੋੜਾ ਸਰਪਟ ਦੌੜਦਾ ਪਰਜੀ ਦੇ ਪਿੰਡ ਦੀਆਂ ਵਾਟਾਂ ਕੱਛਣ ਲਗ ਪਿਆ ਸੀ।

* * * * *



## ਵਿੱਛੜੇ 'ਨਿਰਮਲ' ਨੂੰ ਸਮਰਪਿਤ

(ਸਵ.)ਨਿਰਮਲ ਸਿੰਘ 'ਨਿਰਮਲ'

ਰੱਬ ਸਬੱਬੀ ਕਿੱਧਰੇ ਮਿਲਦੈ,
ਐਸਾ ਦਿਲਬਰ ਐਸਾ ਯਾਰ,
ਦਿਲ ਦੀ ਰਮਜ਼ ਪਛਾਣੇ ਜਿਹੜਾ,
ਜਿਹਨੂੰ ਹੋਵੇ ਦਿਲੋਂ ਪਿਆਰ।
ਕਦੇ ਕਦੇ ਤਾਂ ਐਸੇ ਮਿਲਦੇ,
ਵਿੱਚੋਂ-ਵਿੱਚੀਂ ਕੁੜ੍ਹਦੇ ਜੋ,
ਚਲਦੇ ਕੰਮ 'ਚ ਰੋੜਾ ਪਾ ਕੇ,
ਵਿੱਚੋਂ ਵਿੱਚ ਕੱਢਦੇ ਖਾਰ।
ਠੱਗ-ਠਗੌਰੀ ਕਰਨੇ ਵਾਲੇ,
ਠੱਗਾਂ ਦੀ ਕੋਈ ਘਾਟ ਨਹੀਂ,
ਦਿਲ ਦੇ ਖੋਟੇ ਪਹਿਨ ਮਖੌਟੇ,
ਚਾਰੇ ਪਾਸੋਂ ਕਰਦੇ ਮਾਰ।
ਉਹਨਾਂ ਦੀ ਹੀ ਚਾਰ-ਚੁਫੇਰੇ,
ਅੱਜ ਕੱਲ੍ਹ ਤੂਤੀ ਵਜਦੀ ਹੈ,
ਉਹਨਾਂ ਦੀ ਹੀ ਚੌਧਰ ਚੱਲੇ,
ਕੋਲ ਜਿਨ੍ਹਾਂ ਦੇ ਛਿੱਲੜ ਚਾਰ।
ਮਾੜੇ ਦਾ ਕੀ ਜੀਣਾ ਯਾਰੋ,
ਇਹ ਜੀਣਾ ਕੋਈ ਜੀਣਾ ਹੈ,
ਜਦ ਵੀ ਪੈਂਦੀ ਚਾਰੇ ਪਾਸਿਉਂ,
ਮਾੜੇ ਨੂੰ ਹੀ ਪੈਂਦੀ ਮਾਰ।
ਕਰਮਾਂ-ਮਾਰੇ ਨੰਗ-ਧੜੰਗੇ,
ਢਿੱਡੋਂ ਭੁੱਖੇ ਫਿਰਦੇ ਜੋ,
ਉਨ੍ਹਾਂ ਲਈ ਕੀ ਕਰਦੀ 'ਨਿਰਮਲ', ਬਦਲ ਬਦਲ
ਆਉਂਦੀ ਸਰਕਾਰ

On Centurion Year

## Jallianwala Bagh Massacre



Late Prof. Hazara Singh (Saini)
(D.Lit.) Ludhiana

It was the day of Baisakhi 13 April,1919 when Brig. Dyer, a notorious British Army Officer, committed the Jallianwala Bagh Massacre at Amritsar. More than twenty thousand people had assembled there to express their resentment against the Rowlatt Act, the repressive provisions of which legislation had disillusioned even, in the words of Mahatma Gandhi himself, a staunch loyalist like him, into an uncompromising non-co-operative with the British rule over India. He had earlier supported wholeheartedly the Empire during the Boer War in 1899, the Zulu Revolt in 1906 and the First War( 1914-18) under the belief that such services might get status of equality for his countrymen within the Empire. But the Rowlatt Act, which gave extraordinary powers to the Government of India, empowering it either to confiscate the property of any Indian, whom it considered dangerous for the Empire, or to punish him through a summary trial, threw an open challenge to every Indian patriot. Gandhi Ji described the imperialist rule as the worst crime against humanity.

On March 18,1919, he issued an appeal to his countrymen to carry on a peaceful agitation against the Rowlatt Act, till that black legislation was withdrawn. A call for general strike was given for March 30, but was later postponed to April 6. The scenes of unprecedented communal harmony witnessed at Amritsar during the celebrations of Id and Ram Naumi made the British Raj nervous. It was planned not to allow the display of such a solidarity during Baisakhi. Amritsar was placed under martial law so that Indians be taught a lesson in loyalty if they dared to congregate at any place defying the ban. The Jallianwala Bagh firing, in which according to the admission of British officers themselves , about 400 people had been killed and more than 2000 injured, was followed by crawling orders, public flogging and other humiliations perpetuated throughout Panjab. These appalling acts of cruelity and repression disillusioned even the moderates in India, whi had been acclaiming the British Raj as a blessing. Ravinder Nath Tagore felt so much shocked on listening about these atrocities that he renounced the knighthood, coferred on him by the British Government in recognition of Noble Prize won by him. The martyrdom offered by people of Panjab in the Jallianwala Bagh aroused the conscience of revolutionaries all over India and



early twenties of that century witnessed a resurgent political awakening. Just as the destiny of India changed after the Tenth Guru founded the Khalsa on the day of Baisakhi in 1699, similarly the political future of India got greatly pushed towards its destination of independence after the Jallianwala Bagh Massacre. Mahatma Gandhi observed in thi context;

'Plassey laid the foundation of the British Empire, Amritsar has shaken it.'

“ Udham Singh felt stung and pledged himself to avenge

The massacre to, thus, assert India's right to be free.

Patiently planned and pursued for about twenty years

Killed O' Dwyer in his den to seek the avowed revenge.”

*( The writer beloged to a Saini Gidda family of Giganwal village in Distt. Hoshiarpur. He served as Head of Journalism, Laguages and Culture in P.A.U. Ludhiana. He has written many books.)

Health Awareness

# Anemia & Its Effects on Human Body

Dr. Ranbir Singh Balgir
Kharar



**Anemia** is the state of human body having a hemoglobin level below the set thresholds for specific age groups. Any shortage of red blood cells from normal or hemoglobin level falling below the stipulated range from the normal is an indication of anemia.

**Hemoglobin** (heme – iron; globin – protein) is a red pigment in red blood cells that transports oxygen and carbondioxide between lungs and different parts (tissues) of the body. It also maintains the shape of red blood cells (RBC), and keeps almost neutral 7.4 pH. It also binds/interacts with poisonous waste products such as carbon monoxide, nitrogen oxide, cyanide, sulphur monoxide, sulphide and hydrogen sulphide, in addition to transportation of drugs to their target site of action. Hemoglobin level is measured in grams per deciliter (g/dL) of blood. Every person has genetically fixed capacity and level of hemoglobin in the body. It is inherited from the biological (true) parents. The normal level ranges of hemoglobin are: adult men: 13.8 to 17.2g/dL; adult women: 12.1 to 15.1g/dL; children (1-14 years of age): 11 to 16g/dL; and pregnant women: 11 to 15.1g/dL. However, with the advancement of age from 40 years and above in both adult men and women, the hemoglobin level starts lowering down depending upon the intake of balanced or unbalanced diet. Defects in cells can also kill the red blood cells. Any defect in hemoglobin structure leads to adverse functional properties of the red cells. Bilirubin is the final product of heme degradation. It is secreted as bile into intestine. Bilirubin is converted into Urobilinogen which is found in feces (stool), giving the unique yellow colour.

Hemoglobin concentrations (g/dL) grades for the diagnosis of Anemia varies for male, female and different age groups. It becomes Severe if it is less than 7 for children upto the age of 5 years and 8 for higher age groups.

Blood contains iron in red blood cells and loss of blood means loss of iron that causes **Iron deficiency anemia**. Women with heavy periods are at high risk of iron deficiency anemia as blood is lost during each menstruation. Lack of intake iron rich diet such as meat, eggs, leafy green vegetables and iron fortified foods, adds to iron deficiency anemia. Moreover, green leafy vegetables included in the diet, although contain iron, but it cannot be absorbed in the body unless either cooked or taken with oil/ghee/fats because in them only the iron from vegetables dissolves, otherwise, thrown out of the body without utilization. The same is true in case of carrots/beat roots/pomegernate for vitamin A. Iron from food is absorbed into the blood stream in the small intestine. An intestinal disorder such as celiac disease, affects absorption of nutrients including iron from digested food also causes iron deficiency anemia. Exhausting of Iron Reservoir also causes Anemia. Without iron supplementation in pregnant women, the stores of iron get exhausted (used up) during pregnancy as their blood volume increases to feed the growing fetus

Rapid destruction of red blood cells by Inherited diseases such as thalassemia and by intake of certain drugs such as anti-malaria,antibiotics ; bone marrow and stem cells damage; deficiency of vitamin B-1 And inherited disease are the major causes of anemia.

**Common signs and symptoms of chronic anemia** include ; tiredness, lethargy, shortness of breath ,headache, desire or craving for strange foods or to eat non-food items such as ice, paper, nails, starch, clay, etc, a sore tongue, feeling itchy,hair loss, difficulty in swallowing and altered sense of taste.

According to the World Health Organization (WHO, 2001), there are two billion people with anemia in the world and half of the anemia is due to iron deficiency. Anemia is a late indicator of iron deficiency, so it is estimated that the prevalence of iron deficiency is 2.5

times that of anemia. The estimated prevalence of anemia in developing countries like India is 39% in children <5 years of age, 48% in children 5-14 years, 42% in women 15-59 years, 30% in men 15-59 years, and 45% in adults >60 years. These staggering figures have important economic and health consequences. Anemia and iron deficiency lead to substantial physical productivity losses in adults.

In children, iron deficiency affects cognitive and motor development and increases susceptibility to infections. Iron deficiency during pregnancy is associated with maternal mortality, preterm labour, low birth-weight and infant mortality. Anemia begins in childhood, worsens during adolescence in girls and gets aggravated during pregnancy. Intra-uterine growth retardation and low birth-weight inevitably lead to poor growth trajectory in infancy, childhood and adolescence and contribute to low adult height. Parental height and maternal weight are determinants of intra-uterine growth and birth-weight. Thus, maternal anemia in particular and under-nutrition in general, contribute to inter-generational cycle of poor growth in the offspring. In other words, the children of undernourished parents also reproduce under-nourished children, and the inter-generational cycle is perpetuated generation after generation without any break. Such children have affected cognition and motor development, and susceptible to infections and develop mental retardation or premature memory loss in the long run or they may develop the Alzheimer's disease even early in life. Early detection and effective management of anemia in pregnancy can lead to substantial reduction in under-nutrition in childhood, adolescence and improvement in adult height and the well-being. The adverse consequences of iron deficiency include increased risk of low birth-weight and other pregnancy-related complications, poor growth during infancy and early childhood, impaired cognition and behavior in children, reduced work capacity, and reduced productivity .

Treatment for iron-deficiency anemia will depend on the cause and severity of the condition. Treatments may include dietary changes and supplements, medicines, and surgery. Severe iron-deficiency anemia may require treatment in hospital, blood transfusions, iron rejections, or intravenous iron therapy. Infants and young children, women, and adults who have internal bleeding are at highest risk for developing iron-deficiency anemia. Anemia is also related to eating habits of the children and not necessarily due to economic conditions of people. These cultural factors play a crucial role and focusing on a particular type of diet and other nutrients can lead to the deficiency. The deficiency of iron due to either physiological or pathological reason can affect mental and physical growth resulting in decreased learning capacity and work productivity.

Adolescents constitute about 25% of the population in India and form an important physiological group whose nutritional needs demand special attention. Adolescence is a period of rapid growth, weight gain and blood volume expansion. The overall iron requirements of the body increase during this period. During adolescent period, the risk of iron deficiency and anemia among boys and girls appears to be more due to growth spurt (faster increase in height, weight, and rounding of muscles), and in girls it remains as such during their reproductive life. Iron deficiency is the most widespread form of malnutrition among women and children. In India, anemia affects an estimated 50% of the population. Numerous studies among adolescent girls have shown that the prevalence of anemia ranges from 22.00-96.50% in India. This may be accounted for as repeated menstrual blood loss with each cycle which results in drainage of iron reserves ending in anemia. The low mean age at the menarche is also one of the contributing factors towards the state of health in girls in Punjab.

Anemia is the most common nutritional deficiency disorder in the world. The prevalence of anemia in developed and

developing countries in pregnant women is 14% in developed and 51% in developing countries and 65-75% in India. India has the highest prevalence of anemia even among the South Asian countries. What is even more important is the fact that about half of the global maternal deaths due to anemia occur in South Asian countries; India contributes to about 80 per cent of the maternal deaths due to anemia in South Asia. It is obvious that India's contribution both to the prevalence of anemia in pregnancy and maternal deaths due to anemia is higher than warranted by the size of its population.

In India, the prevalence of anemia is high because of low dietary intake, poor iron and folic acid intake, poor bio-availability of iron in Indian diet; and chronic blood loss due to infection such as malaria and hookworm infestations.

Poor iron stores at birth, low iron content of breast milk and low dietary iron intake through infancy and childhood results in high prevalence of anemia in childhood. Anemia gets aggravated by increased requirements during adolescence and during pregnancy. Assuming that the absorption of iron is 8 per cent in pregnant women, their average dietary intake will meet only 30-45 per cent of the requirement. The low dietary intake of iron, folic acid and food stuffs that promote iron absorption, coupled with poor bioavailability of iron are the major factor responsible for very high prevalence of anemia in India.

Thus, maternal iron deficiency and anemia render the offspring vulnerable for developing iron deficiency and anemia right from infancy. Poor iron content of complementary food and family food consumed by the young child results in further increase in prevalence of anemia in childhood. With the onset of menstruation and associated blood loss, there is a further rise in prevalence and severity of anemia in adolescent girls. Early marriage and adolescent pregnancy aggravate anemia and result in poor iron stores in the offspring. It is obvious that there is an intergenerational self perpetuating vicious cycle of anemia in Indian population.

Women with mild anemia in pregnancy have decreased work capacity. They may be unable to earn their livelihood if the work involves manual labour. Women with moderate anemia have substantial reduction in work capacity and may find it difficult to cope with household chores and child care. Maternal morbidity rates are higher in women with hemoglobin below 8gm/dl. They are more susceptible to infections and recovery from infections may be prolonged.

Premature births are more common in women with moderate anemia. They deliver infants with lower birth weight and perinatal mortality (death within 5 years) is higher in these babies. They may not be able to bear blood loss prior to or during labour and may succumb to infections more readily. Substantial proportion of maternal deaths due to ante-partum and post-partum hemorrhage, pregnancy induced hypertension and sepsis occur in women with moderate anemia.

[**Author has done extensive research work in this medical field and is a world-wide recognized Medical Scientist**]

❊ ❊ ❊ ❊ ❊



Kuljeet Kaur Saini D/o S. Manjit Singh Tamber of Vill. Panjour, Distt. Hoshiarpur, receiving Gold Medal from owner of Mcdonalds in Newzealand for best performance as a Manager in the last 10 years. The administrators of Saini Bhawan feel proud for the achievement of Kuljeet Kaur Saini. May Akalpurakh bless her with more courage and enthusiasm to serve humanity.

## ਆਓ ! ਆਪਣੇ ਗਿਆਨ ਦੀ ਪਰਖ ਕਰੀਏ

### ਪ੍ਰਸ਼ਨੋਤਰੀ-5

ਨਿਮਨ ਪ੍ਰਸ਼ਨੋਤਰੀ ਮੈਗਜ਼ੀਨ ਸੈਣੀ ਸੰਸਾਰ ਦੇ 28-32 ਅੰਕਾਂ ਵਿੱਚ ਦਿੱਤੇ ਲੇਖਾਂ ਵਿੱਚੋਂ ਤਿਆਰ ਕੀਤੀ ਗਈ ਹੈ। ਹਰ ਪ੍ਰਸ਼ਨ ਹੇਠ ਦਿੱਤੇ ਚਾਰ ਉੱਤਰਾਂ ਵਿੱਚੋਂ ਸਹੀ ਉੱਤਰ ਨੂੰ ਟਿੱਕ ਕੀਤਾ ਜਾਵੇ। ਹਰ ਸਹੀ ਉੱਤਰ ਦਾ ਇੱਕ ਅੰਕ ਹੈ।

1. ਕਿਸ ਕਾਲਜ ਦੇ ਵਿਦਿਆਰਥੀ ਨੇ ਪਹਿਲਾ ਐਲ.ਆਰ.ਮੁੰਦਰਾ ਸਕਾਲਰਸ਼ਿਪ ਪ੍ਰਾਪਤ ਕੀਤਾ?

   a. I.I.T. Ropar ਅ. I.I.M. Ahmedabad ੲ. Delhi University ਸ. Daya Nand Medi.College Ludhian

2. ਕਿਸ ਦੇਸ਼ ਦੇ ਲੇਖਕ ਨੇ 2017 ਦਾ ਸਾਹਿਤ ਨੋਬਲ ਇਨਾਮ ਹਾਸਲ ਕੀਤਾ?

   ੳ. ਅਮਰੀਕਾ ਅ. ਯੂ ਕੇ ੲ. ਜਾਪਾਨ ਸ. ਚੀਨ

3. ਸਟੀਫਨ ਹਾਕਿੰਗ ਕੌਣ ਸੀ?

   ੳ. ਲੇਖਕ ਅ. ਸਿੱਖਿਆ ਸ਼ਾਸਤਰੀ ੲ. ਭੌਤਿਕ ਵਿਗਿਆਨੀ ਸ. ਰਾਜਨੀਤਿਕ ਨੇਤਾ

4. ਡਾ.ਰਨਬੀਰ ਸਿੰਘ ਬਲਗੀਰ ਕਿਸ ਵਿਸ਼ੇ ਦਾ ਮਾਹਿਰ ਹੈ?

   ੳ. ਮਾਨਵ ਵਿਗਿਆਨ ਅ. ਰਸਾਇਣ ਵਿਗਿਆਨ ੲ. ਰਾਜਨੀਤੀ ਵਿਗਿਆਨ ਸ. ਗਣਿਤ

5. 35 ਵੇਂ ਸਾਲਾਨਾ ਸੈਣੀ ਸੰਮੇਲਨ ਦਾ ਮੁੱਖ ਮਹਿਮਾਨ ਕੌਣ ਸੀ?

   ੳ. ਡਾ. ਦਲਜੀਤ ਸਿੰਘ ਚੀਮਾ ਅ. ਪ੍ਰੇਮ ਸਿੰਘ ਚੰਦੂਮਾਜਰਾ ੲ. ਰਾਜ ਕੁਮਾਰ ਸੈਣੀ ਸ. ਅੰਗਦ ਸਿੰਘ ਸੈਣੀ

6. ਫਰਾਂਸ ਦੇ ਕਿਸ ਸ਼ਹਿਨਸ਼ਾਹ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਤਿਕਾਰ ਭਰੀ ਚਿੱਠੀ ਲਿਖੀ?

   ੳ. ਨੈਪੋਲੀਅਨ ਅ. ਲੂਈਸ ਫਿਲਪਸ ੲ. ਜਨਰਲ ਐਲਾਰਡ ਸ. ਜਨਰਲ ਵੈਨਤੂਰਾ

7. ਕਿਸ ਪ੍ਰਸਿੱਧ ਸੈਣੀ ਸਖਸ਼ੀਅਤ ਦੀ ਮੌਤ 2018 ਵਿੱਚ ਹੋਈ?

   ੳ. ਚੀਫ ਇੰਜ. ਹਰਬੰਸ ਸਿੰਘ ਅ. ਐਲ.ਆਰ. ਮੁੰਦਰਾ ੲ. ਨੇਕ ਚੰਦ ਸ. ਡਾ. ਹਰਚਰਨ ਸਿੰਘ

8. ਐਸਬੌਰਨ ਮਹਿਲ ਕਿਸ ਦੇਸ਼ ਵਿੱਚ ਹੈ?

   ੳ. ਫਰਾਂਸ ਅ. ਇਟਲੀ ੲ. ਕੈਨੇਡਾ ਸ. ਇੰਗਲੈਂਡ

9. ਕਿਸ ਉੱਚ ਸਾਬਕਾ ਫੌਜੀ ਅਫਸਰ ਨੇ ਵਜ਼ੀਫੇ ਦੇਣ ਲਈ ਸੈਣੀ ਭਵਨ ਪਾਸ ਚੋਖੀ ਰਕਮ ਜਮ੍ਹਾਂ ਕਰਵਾਈ ਹੈ?

   ੳ. ਐਲ.ਆਰ. ਮੁੰਦਰਾ ਅ. ਜੀ.ਆਰ.ਸੈਣੀ ੲ. ਬਲਦੇਵ ਸਿੰਘ ਮੁੰਦਰਾ ਸ. ਸ. ਹਰਦੇਵ ਸਿੰਘ ਸੈਣੀ

10. ਰੋਪੜ ਦਾ ਕਿਹੜਾ ਸੈਣੀ ਪਿੰਡ ਰਾਜਾ ਭੂਪ ਸਿੰਘ ਨੇ ਵਸਾਇਆ ਸੀ?

    ੳ. ਗੋਬਿੰਦਪੁਰਾ ਅ. ਕੋਟਲਾ ਨਿਹੰਗ ੲ. ਖਿਜ਼ਰਾਬਾਦ ਸ. ਘਨੌਲੀ

11. 18ਵੀਆਂ ਏਸ਼ੀਆਈ ਖੇਡਾਂ ਵਿੱਚ ਭਾਰਤ ਨੇ ਕਿੰਨੇ ਤਮਗੇ ਜਿੱਤੇ?

    ੳ. 15 ਅ. 24 ੲ. 33 ਸ. 69

12. 'ਹਉਕਾ' ਕਹਾਣੀ ਕਿਸ ਦੀ ਲਿਖੀ ਹੋਈ ਹੈ?

    ੳ. ਮਨਜੀਤ ਸਿੰਘ ਤੰਬੜ ਅ. ਨਵਤੇਜ ਪੁਆਧੀ ੲ. ਡਾ. ਗੁਰਚਰਨ ਸਿੰਘ ਸਾਕੀ ਸ. ਬਲਬੀਰ ਸਿੰਘ ਸੈਣੀ

13. ਸਾਲ 2018 ਦੇ ਸਾਲਾਨਾ ਸਿੱਖਿਆ ਸਮਾਗਮ ਦਾ ਮੁੱਖ ਮਹਿਮਾਨ ਕੌਣ ਸੀ?

    ੳ. ਅਜੀਤ ਸਿੰਘ ਲੌਂਗੀਆ ਅ. ਡੀ.ਸੀ. ਰੂਪਨਗਰ ੲ. ਡਾਇਰੈਕਟਰ I.I.T. ਰੂਪਨਗਰ ਸ. ਸਪੀਕਰ ਵਿਧਾਨ ਸਭਾ

14. ਕਿਸ ਪੰਜਾਬੀ ਵਿਗਿਆਨੀ ਨੇ 1979 ਵਿੱਚ ਨੋਬਲ ਪੁਰਸਕਾਰ ਹਾਸਲ ਕੀਤਾ?

    ੳ. ਹਰਗੋਬਿੰਦ ਖੁਰਾਨਾ ਅ. ਅਬਦੁਸ ਸਲਾਮ ੲ. ਮਹਿੰਦਰ ਸਿੰਘ ਰੰਧਾਵਾ ਸ. ਪਿਆਰਾ ਸਿੰਘ ਗਿੱਲ

15. ਮਿਸ ਸ਼ਿਰੀ ਸੈਣੀ ਕੌਣ ਹੈ?

    ੳ. ਐਕਟ੍ਰੈਸ ਅ. ਮਾਡਲ ੲ. ਸਿੰਗਰ ਸ. ਫੈਸ਼ਨ ਡਿਜ਼ਾਇਨਰ

16. ਅਲਬਰਟ ਸਵਿਟਜ਼ਰ ਕਿਨ੍ਹਾਂ ਕਾਰਜਾਂ ਲਈ ਪ੍ਰਸਿੱਧ ਹਨ?

    ੳ. ਵਿਗਿਆਨਕ ਖੋਜਾਂ ਅ. ਗਰੀਬ ਬਿਮਾਰਾਂ ਦੀ ਸੇਵਾ ੲ. ਸਿੱਖਿਆ ਦਾ ਪ੍ਰਸਾਰ ਸ. ਲੋੜਵੰਦਾਂ ਦੀ ਵਿਤੀ ਸਹਾਇਤਾ

17. Burning Mountains ਕਿਸ ਦੇਸ਼ ਵਿੱਚ ਸਥਿਤ ਹਨ?

    ੳ. ਅਸਟ੍ਰੇਲੀਆ ਅ. ਅਮਰੀਕਾ ੲ. ਕੈਨੇਡਾ ਸ. ਕੀਨੀਆਂ

18. ਡਾ. ਪਰਵਿੰਦਰ ਸਿੰਘ ਕਿਸ ਕਾਲਜ ਦੇ ਪ੍ਰਿਸੀਪਲ ਹਨ?

    ੳ. ਸਿੱਖ ਨੈਸ਼. ਕਾਲਜ ਬੰਗਾ ਅ. ਸ. ਕਾਲਜ ਹੁਸ਼ਿਆਰਪੁਰ ੲ. ਖਾ. ਕਾਲਜ ਮਾਹਿਲਪੁਰ ਸ. ਡੀ.ਏ.ਵੀ ਕਾਲਜ ਫਲੌਰ

19. ਮੰਗਲ ਗ੍ਰਹਿ ਦੇ ਵਾਯੂਮੰਡਲ ਵਿੱਚ ਕਿਸ ਗੈਸ ਦੀ ਬਹੁਤਾਤ ਹੈ?

    ੳ. ਆਕਸੀਜਨ ਅ. ਨਾਈਟ੍ਰੋਜਨ ੲ. ਹਾਈਡ੍ਰੋਜਨ ਸ. ਕਾਰਬਨ ਡਾਈਆਕਸਾਈਡ

20. ਪ੍ਰਵਾਸੀ ਪੰਛੀ, ਸੁਨਹਿਰੀ ਮਰੁਵਾ ਉਡਦੇ ਸਮੇਂ ਆਪਣੀ ਊਰਜਾ ਦੀ ਬੱਚਤ ਕਿਵੇਂ ਕਰਦੇ ਹਨ?

    ੳ. ਹੌਲੀ ਉਡ ਕੇ ਅ. ਤੇਜ਼ ਉੜ ਕੇ ੲ. ਰਸਤੇ ਵਿੱਚ ਆਰਾਮ ਕਰਕੇ ਸ. 'v' ਆਕਾਰ ਦਾ ਝੁੰਡ ਬਣਾ ਕੇ ।

ਮੈਗਜ਼ੀਨ ਦੇ ਅਸਲ ਪੰਨੇ 'ਤੇ ਸਹੀ ਉੱਤਰਾਂ ਨੂੰ ਟਿਕ ਕਰਕੇ ਸੈਣੀ ਭਵਨ ਰੂਪਨਗਰ ਦੇ ਦਫਤਰ ਵਿੱਚ 15 ਮਈ 2019 ਤੱਕ ਭੇਜੇ ਜਾਣ। ਵੱਧ ਅੰਕ ਲੈਣ ਵਾਲੇ ਤਿੰਨ ਪਾਠਕਾਂ ਦੇ ਨਾਮ ਮੈਗਜ਼ੀਨ ਵਿੱਚ ਛਾਪੇ ਜਾਣਗੇ ਅਤੇ ਉਨ੍ਹਾਂ ਨੂੰ ਇੱਕ ਸਾਲ ਲਈ ਮੈਗਜ਼ੀਨ ਮੁਫਤ ਭੇਜਿਆ ਜਾਵੇਗਾ।

* * * * *

## ਤੈਰਨ ਲਈ ਕਿਨਾਰੇ ਛੱਡਣੇ ਲਾਜ਼ਮੀ

ਡਾ. ਧਰਮਜੀਤ ਸਿੰਘ ਮਾਨ

ਨਿਸ਼ਾਨੇ ਦੀ ਪੂਰਤੀ ਲਈ ਯਤਨ ਹੀ ਸਹਾਰਾ ਹੁੰਦੇ ਹਨ। ਯਤਨਾਂ ਤੋਂ ਬਿਨਾਂ ਸਫਲਤਾ ਦੀ ਉਮੀਦ ਕਰਨਾ ਵਿਅਰਥ ਹੈ। ਇਨ੍ਹਾ ਯਤਨਾਂ ਜਾਂ ਕੋਸ਼ਿਸ਼ਾਂ ਦਾ ਛੋਟੇ ਜਾਂ ਵੱਡੇ ਰੂਪ ਵਿਚ ਸਾਡੀ ਜ਼ਿੰਦਗੀ ਵਿਚ ਹੋਣਾ ਬਹੁਤ ਜ਼ਰੂਰੀ ਹੈ। ਕਮਾਈ ਕਰਨ ਨਾਲ ਹੀ ਪੈਸਾ ਜੁੜਦਾ ਹੈ ਅਤੇ ਸਮਝ ਕੇ ਖਰਚਣ ਨਾਲ ਇਹ ਬਚਦਾ ਹੈ। ਗੈਰਜ਼ਰੂਰੀ ਸ਼ੌਕਾਂ ਦਾ ਤਿਆਗ ਮਨ ਨੂੰ ਸਕੂਨ ਦਿੰਦਾ ਹੈ ਅਤੇ ਮਿਹਨਤ ਵਿਚ ਬਰਕਤ ਪਾਉਂਦਾ ਹੈ। ਇਸ ਲਈ ਮਿਹਨਤ ਲਈ ਤਿਆਗ ਦੀ ਭਾਵਨਾ ਬੇਹੱਦ ਜ਼ਰੂਰੀ ਹੈ। ਤਿਆਗ ਕੀਤੇ ਬਿਨਾਂ ਕਿਸੇ ਚੀਜ਼ ਦੀ ਪ੍ਰਾਪਤੀ ਕਰਨਾ ਸਿਰਫ਼ ਸੁਪਨਾ ਹੈ। ਵਿਦੇਸ਼ੀ ਧਰਤੀ 'ਤੇ ਜਾ ਕੇ ਪੈਸਾ ਕਮਾਉਣ ਲਈ ਘਰ ਛੱਡਣਾ ਪਵੇਗਾ। ਪੜ੍ਹਾਈ ਕਰਨ ਲਈ ਰਾਤਾਂ ਦੀ ਆਨੰਦਮਈ ਨੀਂਦ ਦਾ ਤਿਆਗ ਜ਼ਰੂਰੀ ਹੈ। ਖੇਤ ਵਿਚ ਚੰਗੀ ਫਸਲ ਲਈ ਮਿਹਨਤ ਕਰਨੀ ਪੈਣੀ ਹੈ, ਆਪਣਾ ਅਕਸ ਅਤੇ ਕਿਰਦਾਰ ਚਮਕਾਉਣ ਲਈ ਆਪਣੇ ਆਪ ਨੂੰ ਲੋਭ ਲਾਲਚਾਂ ਤੋਂ ਮੁਕਤ ਰੱਖਣਾ ਪਵੇਗਾ। ਉਸ ਤੈਰਾਕ ਲਈ ਸਮੁੰਦਰ ਤੈਰਨਾ ਨਾਮੁਮਕਿਨ ਹੈ ਜੋ ਕਿਨਾਰੇ ਛੱਡਣ ਲੱਗਿਆਂ ਝਿਜਕ ਮਹਿਸੂਸ ਕਰੇ। ਜੰਗ ਜਿੱਤਣ ਦਾ ਜੇਕਰ ਜਨੂਨ ਹੈ ਤਾ ਜੰਗ ਲੜਨੀ ਪਏਗੀ। ਫਸਲ ਤੇ ਜੇਕਰ ਬੀਮਾਰੀ ਦਾ ਹਮਲਾ ਹੋ ਜਾਵੇ ਤਾਂ ਮੋਢਿਆਂ 'ਤੇ ਦਵਾਈ ਵਾਲੀ ਢੋਲੀ ਟੰਗ ਕੇ ਖੇਤ ਵਿੱਚ ਉਤਰਨਾ ਹੀ ਪਵੇਗਾ, ਬਾਹਰ ਖੜ੍ਹ ਕੇ ਰੋੜੇ ਜਾ ਆਵਾਜ਼ਾਂ ਮਾਰਨ ਨਾਲ ਬੀਮਾਰੀ ਦਾ ਇਲਾਜ ਨਹੀ ਹੋਣਾ। ਕਿਸੀ ਵੀ ਕਾਰਜ ਦੀ ਸ਼ੁਰੂਆਤ ਲਈ ਕੋਸ਼ਿਸ਼ ਜਰੂਰੀ ਹੈ। ਇਸ ਸਫਰ ਦੌਰਾਨ ਹੌਸਲਾ ਅਤੇ ਹਿੰਮਤ ਬਣਾਈ ਰੱਖਣਾ ਲਾਜ਼ਮੀ ਹੈ।

ਅੰਗਰੇਜ਼ੀ ਦੀ ਇੱਕ ਕਵਿਤਾ ਅਨੁਸਾਰ- ਇਥਾਕਾ ਸ਼ਹਿਰ ਦਾ ਰਾਜਾ ਦੁਨੀਆਂ ਦੀਆਂ ਨਵੀਆ ਥਾਵਾਂ ਦੀ ਖੋਜ ਕਰਨ ਦਾ ਸ਼ੌਕ ਰੱਖਦਾ ਸੀ। ਰਾਜ ਵਿਚ ਟਿਕ ਕੇ ਬੈਠਣਾ ਉਸ ਦੇ ਵੱਸ ਦੀ ਗੱਲ ਨਹੀਂ ਸੀ। ਵੀਹ ਸਾਲਾਂ ਬਾਅਦ ਆਪਣੇ ਰਾਜ ਵਿਚ ਪਰਤਿਆ ਰਾਜਾ ਅਕਸਰ ਬੇਚੈਨ ਰਹਿਣ ਲੱਗਿਆ। ਕਿਸੇ ਨਵੀਂ ਖੋਜ 'ਤੇ ਜਾਣ ਲਈ ਉਸ ਦਾ ਮਨ ਉਤਾਵਲਾ ਸੀ। ਆਪਣੇ ਪੁੱਤਰ ਨੂੰ ਰਾਜਭਾਗ ਦੀ ਡੋਰ ਫੜਾ ਕੇ ਉਸ ਨੇ ਫਿਰ ਯਾਤਰਾ 'ਤੇ ਜਾਣ ਦੀ ਤਿਆਰੀ ਕਰ ਲਈ। ਪਰ ਨਾਲ ਜਾਣ ਵਾਲੇ ਸਾਥੀਆਂ ਨੇ ਆਪਣੀ ਢਲਦੀ ਉਮਰ ਦਾ ਹਵਾਲਾ ਦੇ ਕੇ ਉਸ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਰਾਜੇ ਨੇ ਆਪਣੇ ਸਾਥੀਆਂ ਦੇ ਢਹੇ ਹੌਸਲੇ ਬੁਲੰਦ ਕਰਨ ਲਈ ਬਹੁਤ ਵਧੀਆ ਤਕਰੀਰ ਕੀਤੀ। ਉਸ ਨੇ ਆਪਣੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਹੌਸਲਾ ਬੁਲੰਦ ਹੋਵੇ ਤਾਂ ਢਲਦੀ ਉਮਰ ਜਾਂ ਕੋਈ ਚੁਣੌਤੀ ਇਨਸਾਨ ਨੂੰ ਜਿੱਤ ਦਰਜ ਕਰਨ ਤੋਂ ਨਹੀਂ ਰੋਕ ਸਕਦੀ। ਉਸ ਨੇ ਕਿਹਾ ਕਿ ਢਲਦੀ ਉਮਰ ਕਾਰਨ ਬੇਸ਼ਕ ਅਸੀਂ ਬਾਹਰੋਂ ਕਮਜ਼ੋਰ ਦਿੱਸਣ ਲੱਗੇ ਹਾਂ, ਪਰ ਅੰਦਰ ਧੜਕਦਾ ਦਿਲ ਅਜੇ ਜਵਾਨ ਹੈ ਜੋ ਕਿਸੇ ਵੀ ਚੁਣੌਤੀ ਨੂੰ ਸਵੀਕਾਰਨ ਦੇ ਯੋਗ ਹੈ। ਔਖੀ ਮੰਜ਼ਿਲ ਨੂੰ ਪਾਉਣ ਲਈ ਤਕੜੇ ਸਰੀਰ ਨਹੀਂ, ਤਕੜੇ ਦਿਲ ਦੀ ਲੋੜ ਹੈ ਅਤੇ ਜੇਕਰ ਉਹ ਇਹ ਨਵੀਂ ਖੋਜ ਕਰਨ ਵਿਚ ਸਫਲ ਹੋ ਜਾਂਦੇ ਹਨ ਤਾਂ ਇਤਿਹਾਸ ਦੇ ਪੰਨਿਆਂ 'ਤੇ ਉਨ੍ਹਾਂ ਦਾ ਨਾਂ ਸੱਦਾ ਲਈ ਉੱਕਰ ਜਾਵੇਗਾ। ਇਹ ਗੱਲਾਂ ਸੁਣ ਕੇ ਰਾਜੇ ਦੇ ਸਾਥੀਆਂ ਦਾ ਹੌਸਲਾ ਬੱਝਿਆ ਅਤੇ ਉਹ ਰਾਜੇ ਨਾਲ ਯਾਤਰਾ 'ਤੇ ਜਾਣ ਲਈ ਤਿਆਰ ਹੋ ਗਏ। ਕਈ ਦਿਨਾਂ ਦੀ ਲੰਬੀ ਯਾਤਰਾ ਤੋਂ ਬਾਅਦ ਆਖਿਰ ਉਹ ਆਪਣੀ ਮੰਜ਼ਿਲ 'ਤੇ ਸਫਲਤਾਪੂਰਵਕ ਪਹੁੰਚ ਗਏ।

ਮਿੱਥੇ ਟੀਚਿਆਂ ਦੀ ਪ੍ਰਾਪਤੀ ਲਈ ਵਿਚਾਰਾਂ ਨੂੰ ਅਸਲੀਅਤ ਵਿੱਚ ਢਾਲਣਾ ਪੈਂਦਾ ਹੈ ਅਤੇ ਇਸ ਦੌਰਾਨ ਆਉਂਦੇ ਜੋਖ਼ਮਾਂ ਨੂੰ ਸਹਿਣਾ ਸਫਲ ਹੋਣ ਦੀ ਪ੍ਰੱਪਕਤਾ ਨੂੰ ਦਰਸਾਉਂਦਾ ਹੈ। ਉਹ ਇਨਸਾਨ ਕਦੋਂ ਸਫਲ ਹੋਵੇਗਾ ਜਿਸ ਨੇ ਅਜੇ ਇਸ ਗੱਲ ਦਾ ਹੀ ਫ਼ੈਸਲਾ ਨਹੀ ਕੀਤਾ ਕਿ ਉਸ ਨੇ ਕਿਸ ਟੀਚੇ 'ਤੇ ਕਿਵੇਂ ਪਹੁੰਚਣਾ ਹੈ?

ਹਾਰੀ ਬਾਜ਼ੀ ਨੂੰ ਜਿੱਤਣਾ ਉਸ ਇਨਸਾਨ ਲਈ ਸੌਖਾ ਹੁੰਦਾ ਹੈ ਜਿਸ ਨੇ ਹਾਰ ਦੇ ਕਾਰਨਾਂ ਨੂੰ ਸਮਝ ਕੇ ਦੁਬਾਰਾ ਜਿੱਤ ਲਈ ਯਤਨ ਕੀਤੇ ਹੋਣ। ਵਿਸ਼ਵਾਸ ਨਾਲ ਲੈਸ ਤੈਰਾਕ ਪਾਣੀ ਦੀ ਡੂੰਘਾਈ ਦੀ ਪਰਵਾਹ ਨਹੀਂ ਕਰਦਾ, ਉਸ ਦਾ ਮੁੱਖ ਨਿਸ਼ਾਨਾ ਤੈਰਨਾ ਹੁੰਦਾ ਹੈ, ਪਾਣੀ ਦੀ ਡੂੰਘਾਈ ਨਾਪਣਾ ਨਹੀਂ। ਇਹੀ ਸੋਚ ਭਾਰਤ ਦੇ ਮਹਾਨ ਤੈਰਾਕ ਮਿਹਰ ਸੈਨ ਦੀ ਸੀ ਜਿਸ ਨੇ ਸਫਲਤਾਪੂਰਵਕ ਦਰਿਆ ਤੈਰਨ ਦਾ ਹੌਸਲਾ ਕੀਤਾ ਅਤੇ ਨੌਜਵਾਨਾਂ ਲਈ ਮਿਸਾਲ ਬਣ ਗਿਆ। ਇਹੀ ਜ਼ਿੰਦਗੀ ਦੇ ਲੰਬੇ ਪੈਂਡੇ ਨੂੰ ਤੈਅ ਕਰਨ ਦਾ ਵੀ ਮੰਤਰ ਹੈ।

ਹਿੰਮਤ,ਹੌਸਲਾ ਅਤੇ ਲਗਨ ਡੂੰਘੀਆਂ ਅਤੇ ਲੰਬੀਆਂ ਵਾਟਾਂ ਨੂੰ ਚੀਰਨ ਦੀ ਤਾਕਤ ਰੱਖਦੇ ਹਨ। ਨੌਕਰੀ ਜਾਂ ਰੁਜ਼ਗਾਰ ਨਾ ਮਿਲਦਾ ਦੇਖ ਕੇ ਨੌਜਵਾਨਾਂ ਦਾ ਕੁਰਾਹੇ ਪੈ ਜਾਣਾ ਕਿੱਥੋਂ ਦੀ ਸਿਆਣਪ ਹੈ? ਹਨੇਰੇ ਵਿੱਚੋ ਰੌਸ਼ਨੀ ਦੇਖਣ ਦੀ ਆਸ ਰੱਖੋਗੇ ਤਾਂ ਰੌਸ਼ਨੀ ਜ਼ਰੂਰ ਨਜ਼ਰ ਆਏਗੀ ਅਤੇ ਰੌਸ਼ਨੀ ਨੂੰ ਜੇਕਰ ਹਨੇਰਾ ਸਮਝੋਗੇ ਤਾਂ ਚਾਨਣ ਵੀ ਹਨੇਰਾ ਹੀ ਲੱਗੇਗਾ। ਸੋਚ ਅਤੇ ਵਿਚਾਰ ਇਨਸਾਨ ਦਾ ਅਮੁੱਲ ਖਜ਼ਾਨਾ ਹਨ। ਜੇਕਰ ਵਿਚਾਰ ਨਾਕਾਰਾਤਮਕ ਹੋ ਜਾਣ ਤਾਂ ਇਹ ਵਿਚਾਰਾਂ ਰੂਪੀ ਖਜ਼ਾਨਾ ਤਨ ਅਤੇ ਮਨ ਦੀ ਸੁੰਦਰਤਾ ਨੂੰ ਪਲਾਂ ਵਿੱਚ ਖਤਮ ਕਰ ਦਿੰਦਾ ਹੈ। ਸਾਫ ਵਿਚਾਰਾਂ ਦੀ ਖੇਡ ਇਨਸਾਨ ਨੂੰ ਹਰ ਮੈਦਾਨ ਫਤਿਹ ਕਰਵਾਉਂਦੀ ਹੈ ਅਤੇ ਮਿਹਨਤ ਕਰਨ ਲਈ ਉਤਸ਼ਾਹਿਤ ਕਰਦੀ ਹੈ। ਇਹ ਸਹੀ ਹੈ ਕਿ ਜ਼ਿੰਦਗੀ ਰੂਪੀ ਸਮੁੰਦਰ ਤੈਰਨਾ ਲੰਬਾ ਅਤੇ ਔਖਾ ਲੱਗਦਾ ਹੈ, ਪਰ ਮਿੱਥੀ ਮੰਜ਼ਿਲ 'ਤੇ ਅਪੜਣ ਲਈ ਕਿਨਾਰੇ ਛੱਡਣੇ ਹੀ ਪੈਣੇ ਹਨ।

ਜੀਵਨ ਜਾਚ

# ਖੁੱਲ੍ਹ ਕੇ ਹੱਸਣਾ ਜ਼ਰੂਰ ਚਾਹੀਦਾ

ਡਾ. ਰਣਜੀਤ ਸਿੰਘ (ਤੰਬੜ)
ਲੁਧਿਆਣਾ



ਇਨਸਾਨ ਤੇ ਜਾਨਵਰਾਂ ਵਿੱਚ ਇੱਕ ਮੁੱਖ ਫ਼ਰਕ ਹੱਸਣ ਤੇ ਮੁਸਕਰਾਉਣ ਦਾ ਗੁਣ ਹੈ। ਪਸ਼ੂਆਂ ਵਿਚ ਇਹ ਗੁਣ ਨਹੀਂ ਹੁੰਦਾ, ਉਨ੍ਹਾਂ ਨੂੰ ਹੱਸਣਾ ਆਉਂਦਾ ਹੀ ਨਹੀਂ। ਇਸ ਗੁਣ ਦੀ ਬਖ਼ਸ਼ਿਸ਼ ਇਨਸਾਨ 'ਤੇ ਸ਼ਾਇਦ ਇਸ ਕਰਕੇ ਕੀਤੀ ਗਈ ਹੈ ਕਿ ਉਸ ਨੂੰ ਸੋਚ-ਵਿਚਾਰ ਦੀ ਸ਼ਕਤੀ ਵੀ ਮਿਲੀ ਹੈ। ਉਹ ਆਪਣੇ ਨਫ਼ੇ ਨੁਕਸਾਨ ਤੇ ਦੁੱਖ -ਸੁੱਖ ਬਾਰੇ ਸੋਚ ਸਕਦਾ ਹੈ। ਦੁੱਖ ਅਤੇ ਨੁਕਸਾਨ ਉਸ ਦੀ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ਅਜਿਹੇ ਸਮੇਂ ਹੱਸਣ ਦਾ ਗੁਣ ਕਾਰਗਰ ਸਿੱਧ ਹੁੰਦਾ ਹੈ। ਜਿਹੜਾ ਮਨੁੱਖ ਦੁੱਖ ਜਾਂ ਨੁਕਸਾਨ ਸਮੇਂ ਵੀ ਹੱਸ ਜਾਂ ਮੁਸਕਰਾ ਸਕਦਾ ਹੈ, ਉਸ ਨੂੰ ਮਾਨਸਿਕ ਪਰੇਸ਼ਾਨੀ ਜਾਂ ਤਣਾਅ ਦਾ ਸਾਹਮਣਾ ਕਰਨਾ ਹੀ ਨਹੀਂ ਪੈਂਦਾ। ਗੁਰੂ ਨਾਨਕ ਸਾਹਿਬ ਦਾ ਹੁਕਮ ਹੈ ਕਿ ਜੇ ਇਨਸਾਨ ਮੁਸੀਬਤ ਵਿਚ ਵੀ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹੋਵੇ, ਉਹ ਦੁੱਖ ਤੋਂ ਛੁਟਕਾਰਾ ਪਾ ਲੈਂਦਾ ਹੈ।

ਕੇਤਿਆ ਦੂਖ ਭੂਖ ਸਦ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥

ਇਹ ਸ਼ੁਕਰਗੁਜ਼ਾਰੀ, ਫਿਕਰ ਤੇ ਡਰ ਦਾ ਦਾਰੂ ਬਣਦੇ ਹਨ। ਮੱਥੇ 'ਤੇ ਵੱਟ ਨਹੀਂ ਪਏ ਰਹਿੰਦੇ ਸਗੋਂ ਮੁਸਕਰਾਹਟ ਦਾ ਵਾਸ ਹੁੰਦਾ ਹੈ। ਜਿੱਥੇ ਮੁਸਕਰਾਹਟ ਸੰਗੀ-ਸਾਥੀਆਂ ਨੂੰ ਆਪਣੇ ਵੱਲ ਖਿੱਚਦੀ ਹੈ, ਉੱਥੇ ਦੋਸਤੀਆਂ ਦਾ ਘੇਰਾ ਵੀ ਵਿਸ਼ਾਲ ਹੁੰਦਾ ਹੈ ਤੇ ਆਪਸੀ ਪਿਆਰ ਮਜ਼ਬੂਤ ਹੁੰਦਾ ਹੈ। ਜਦੋਂ ਤੁਹਾਡੇ ਸੰਗੀ -ਸਾਥੀਆਂ ਦਾ ਘੇਰਾ ਵਿਸ਼ਾਲ ਹੋਵੇਗਾ ਉਦੋਂ ਤੁਸੀਂ ਰਲ ਬੈਠੋਗੇ , ਆਪਸ ਵਿਚ ਗੱਲਾਂ ਕਰੋਗੇ ਤੇ ਖੁੱਲ੍ਹ ਕੇ ਹੱਸ ਸਕੋਗੇ ।ਖੁੱਲ੍ਹ ਕੇ ਹੱਸਿਆਂ ਤਨ ਤੇ ਮਨ ਦੋਵੇਂ ਨਿਰੋਗ ਹੋ ਜਾਂਦੇ ਹਨ। ਜਦੋਂ ਇਨਸਾਨ ਹੱਸਦਾ ਹੈ ਤਾਂ ਸਰੀਰ ਦੀਆਂ ਨਾੜੀਆਂ ਖੁੱਲ੍ਹਦੀਆਂ ਹਨ, ਜਿਸ ਨਾਲ ਖ਼ੂਨ ਦਾ ਦੌਰਾ ਠੀਕ ਹੁੰਦਾ ਹੈ।ਜਦੋਂ ਇਨਸਾਨ ਗੁੱਸੇ ਵਿਚ ਹੁੰਦਾ ਹੈ ਤਾਂ ਨਾੜੀਆਂ ਸੁੰਗੜਦੀਆਂ ਹਨ , ਜਿਸ ਨਾਲ ਖ਼ੂਨ ਦੇ ਵਹਾਅ ਵਿਚ ਰੁਕਾਵਟ ਆਉਂਦੀ ਹੈ ਜੋ ਬਿਮਾਰੀਆਂ ਦਾ ਕਾਰਨ ਬਣਦੀ ਹੈ।ਅੱਜ ਬਹੁਤੀਆਂ ਬਿਮਾਰੀਆਂ ਦਾ ਕਾਰਨ ਇੱਕਲਤਾ ਤੇ ਘੁਟਣ ਹੈ। ਸੁਰਜੀਤ ਪਾਤਰ ਦਾ ਇਹ ਸ਼ਿਅਰ ਬਹੁਤ ਢੁੱਕਵਾਂ ਹੈ :

ਖੋਲ੍ਹ ਦਿੰਦਾ ਦਿਲ ਜੇ ਤੂੰ ਲਫ਼ਜਾਂ ਦੇ ਵਿੱਚ ਯਾਰਾਂ ਦੇ ਨਾਲ,
ਖੋਲ੍ਹਣਾ ਪੈਂਦਾ ਨਾ ਏਦਾਂ ਅੱਜ ਔਜ਼ਾਰਾਂ ਦੇ ਨਾਲ ।

ਵਿਗਿਆਨੀਆਂ ਵੱਲੋਂ ਕੀਤੀ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਹੱਸਣ ਨਾਲ ਸਰੀਰ ਵਿੱਚ ਐਂਡਰਿਨ ਨਿਕਲਦਾ ਹੈ ,ਜਿਸ ਨਾਲ ਸਰੀਰਿਕ ਦਰਦ ਘਟਦਾ ਹੈ, ਚੁਸਤੀ ਵਿੱਚ ਵਾਧਾ ਹੁੰਦਾ ਹੈ, ਤਣਾਅ ਤੋਂ ਮੁਕਤੀ ਮਿਲਦੀ ਹੈ ਤੇ ਦਿਲ ਦੇ ਰੋਗਾਂ ਵਿੱਚ ਕਮੀ ਆਉਂਦੀ ਹੈ। ਸਮਾਜਿਕ ਤਬਦੀਲੀ ਆਉਣ ਨਾਲ ਜੀਵਨ ਵਿੱਚੋਂ ਹਾਸਾ ਮਨਫੀ ਹੁੰਦਾ ਜਾ ਰਿਹਾ ਹੈ। ਆਪਣੇ ਆਪ ਤੇ ਖੁੱਲ੍ਹ ਕੇ ਹੱਸਣਾ ਲੋਕੀਂ ਭੁੱਲ ਰਹੇ ਹਨ। ਮਖੌਲ ਕਰਨੇ ਤੇ ਕਰਵਾਉਣੇ ਦੁਸ਼ਮਣੀ ਦਾ ਆਧਾਰ ਬਣ ਰਹੇ ਹਨ। ਕੋਈ ਸਮਾਂ ਸੀ ਜਦੋਂ ਵਿਆਹ ਦੇ ਜਸ਼ਨ ਕਈ ਕਈ ਦਿਨ ਚੱਲਦੇ ਸਨ ਤੇ ਰੱਜ ਕੇ ਠੱਠਾ -ਮਖੌਲ ਹੁੰਦਾ ਸੀ। ਬਰਾਤ ਨੂੰ ਸਿੱਠਣੀਆਂ ਦੇ ਕੇ ਔਰਤਾਂ ਰੱਜ ਕੇ ਮਖੌਲ ਕਰਦੀਆਂ ਸਨ। ਸਾਲੀਆਂ ਤੇ ਭਰਜਾਈਆਂ ਦੇ ਮਖੌਲ ਹਾਸੇ ਦਾ ਆਧਾਰ ਬਣਦੇ ਸਨ। ਜਿੱਥੇ ਵੀ ਚਾਰ ਬੰਦੇ ਰਲ ਬੈਠਦੇ ਸਨ, ਆਪ ਵਿੱਚ ਖੁੱਲ੍ਹ ਕੇ ਹਾਸਾ-ਮਖੌਲ ਕਰਦੇ ਸਨ। ਕਦੇ ਕਿਸੇ ਬੁਰਾ ਨਹੀਂ ਮਨਾਇਆ ਸੀ। ਆਪਣੇ 'ਤੇ ਆਪ ਹੀ ਹੱਸ ਲੈਣਾ ਆਤਮ -ਵਿਸ਼ਵਾਸ ਤੇ ਚੜ੍ਹਦੀ ਕਲਾ ਵਾਲੀਆਂ ਕੌਮਾਂ ਹੀ ਕਰ ਸਕਦੀਆਂ ਹਨ। ਹੁਣ ਅਜਿਹਾ ਮਾਹੌਲ ਬਣ ਰਿਹਾ ਹੈ ਕਿ ਕੋਈ ਵੀ ਦੂਜੇ ਦੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ। ਬੱਚਿਆਂ ਵਿੱਚ ਵਧ ਰਿਹਾ ਨਸ਼ਿਆਂ ਦਾ ਰੁਝਾਨ ਅਤੇ ਤਣਾਅ ਦਾ ਵੀ ਇਹੋ ਮੁਖ ਕਾਰਨ ਹੈ। ਮਾਪਿਆਂ ਕੋਲ ਅੱਜਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਸਮਾਂ ਹੀ ਨਹੀਂ ਕਿ ਸਾਰਾ ਪਰਿਵਾਰ ਰਲ ਬੈਠੇ, ਗੱਲਾਂ ਕਰੇ ਤੇ ਖੁੱਲ੍ਹ ਕੇ ਹੱਸੇ। ਬੱਚਿਆਂ ਦੀ ਲੋੜ ਮਾਪਿਆਂ ਨਾਲ ਆਪਣੀਆਂ ਭੋਲੀਆਂ ਗੱਲਾਂ ਕਰਨੀਆਂ ਤੇ ਖੁੱਲ੍ਹ ਕੇ ਹੱਸਣਾ ਹੁੰਦੀ ਹੈ, ਜਦੋਂ ਕਿ ਵੱਡੇ ਇਨ੍ਹਾਂ ਮਾਸੂਮ ਹਾਸਿਆਂ ਦੀ ਊਰਜਾ ਨਾਲ ਆਪਣੀ ਥਕਾਵਟ ਤੇ ਝੁੰਜਲਾਹਟ ਤੋਂ ਮੁਕਤੀ ਪ੍ਰਾਪਤ ਕਰਦੇ ਸਨ। ਰਲ ਕੇ ਬੈਠਣ ਤੇ ਖੁੱਲ੍ਹ ਕੇ ਹੱਸਣ ਦੇ ਮੌਕਿਆਂ ਵਿੱਚ ਆ ਰਹੀ ਕਮੀ ਕਾਰਨ ਸਹਿਣਸ਼ਕਤੀ ਵਿੱਚ ਕਮੀ ਆ ਰਹੀ ਹੈ, ਜਿਸ ਨਾਲ ਪਰਿਵਾਰਕ ਝਗੜਿਆਂ ਵਿੱਚ ਵਾਧਾ ਹੋ ਰਿਹਾ ਹੈ। ਕਿਸੇ ਦੀ ਗੱਲ ਧਿਆਨ ਨਾਲ ਸੁਣ ਲੈਣੀ, ਮੁਸਕਰਾ ਕੇ ਸਵਾਗਤ ਕਰਨਾ ਤੇ ਦੋ ਬੋਲ ਪ੍ਰਸ਼ੰਸਾ ਦੇ ਬੋਲ ਦੇਣ ਨਾਲ ਜਾਦੂਈ ਅਸਰ ਹੁੰਦਾ ਹੈ, ਆਪਸੀ ਪਿਆਰ ਵਿੱਚ ਵਾਧਾ ਹੁੰਦਾ ਹੈ ਤੇ ਤਣਾਅ ਤੋਂ ਮੁਕਤੀ ਮਿਲਦੀ ਹੈ। ਮੁਸਕਰਾਹਟ ਦਾ ਉੱਤਰ ਵੀ ਮੁਸਕਰਾਹਟ ਵਿੱਚ ਹੀ ਮਿਲਦਾ ਹੈ। ਇਹੋ ਹਾਸਾ ਤਨ ਤੇ ਮਨ ਨੂੰ ਤਾਜ਼ਗੀ ਤੇ ਤੰਦਰੁਸਤੀ ਬਖ਼ਸ਼ਦਾ ਹੈ। ਜਦੋ ਕਿ ਨਸ਼ੇ ਦੀ ਖ਼ੁਮਾਰੀ ਤਨ ਤੇ ਮਨ ਨੂੰ ਗਾਲਦੀ ਹੈ, ਰਿਸ਼ਤਿਆਂ ਨੂੰ ਤੋੜਦੀ ਹੈ ਤੇ ਮਾਹੌਲ ਨੂੰ ਖ਼ਰਾਬ ਕਰਦੀ ਹੈ। ਹੱਸ ਕੇ ਬੋਲੇ ਦੋ ਮਿੱਠੇ ਬੋਲਾਂ ਦੀ ਸ਼ਕਤੀ ਅਤੇ ਇਮਾਨਦਾਰੀ ਦੀ ਕਮਾਈ ਨਾਲ ਇਨਸਾਨ ਆਪਣੇ ਸੰਸਾਰ ਨੂੰ ਸੁਹਾਵਣਾ ਬਣਾ ਲੈਂਦਾ ਹੈ। ਉਹ ਦੁੱਖ ਤੋਂ ਘਬਰਾਉਂਦਾ ਨਹੀਂ , ਸਗੋਂ ਦੁੱਖ ਉਸ ਤੋਂ ਡਰ ਕੇ ਦੂਰ ਨੱਸਦੇ ਹਨ। ਮਾਸੂਮ ਬੱਚਾ ਸਾਰਾ ਦਿਨ ਮੁਸਕਰਾਉਂਦਾ ਰਹਿੰਦਾ ਹੈ, ਜਿਵੇਂ ਜਿਵੇਂ ਉਹ ਵੱਡਾ ਹੁੰਦਾ ਹੈ , ਇਸ ਵਿੱਚ ਕਮੀ ਆਉਂਦੀ ਹੈ। ਕਦੇ ਅਜਿਹੀ ਉਮਰ ਆ ਜਾਂਦੀ ਹੈ, ਜਦੋ ਕਈ ਕਈ ਦਿਨ ਹੱਸਣ ਦਾ ਮੌਕਾ ਹੀ ਨਹੀਂ ਮਿਲਦਾ।

ਅਸਲ ਵਿੱਚ ਅਸੀਂ ਬਹੁਤ ਸਮਾਂ ਬੇਲੋੜੇ ਫਿਕਰਾਂ ਵਿੱਚ ਹੀ ਘਿਰੇ ਰਹਿੰਦੇ ਹਾਂ। ਪਰਿਵਾਰਕ ਮੈਂਬਰਾਂ ਅਤੇ ਦੋਸਤਾਂ -ਮਿੱਤਰਾਂ ਨਾਲ ਕੁਝ ਸਮਾਂ ਅਸੀ ਸਮੇਂ ਦੀ ਘਾਟ ਦਾ ਬਹਾਨਾ

ਬਣਾ ਕੇ ਬਿਤਾਉਣ ਤੋਂ ਕੰਨੀ ਕਤਰਾ ਜਾਦੇ ਹਾਂ। ਬਹੁਤੀ ਵਾਰ ਅਸੀਂ ਭੂਤਕਾਲ ਬਾਰੇ ਸੋਚ ਕੇ ਝੂਰੀ ਜਾਂਦੇ ਹਾਂ, ਜਾਂ ਫਿਰ ਭਵਿੱਖ ਦੇ ਫ਼ਿਕਰ ਵਿੱਚ ਉਲਝੇ ਰਹਿੰਦੇ ਹਾਂ। ਬੀਤੇ ਸਮੇਂ ਨੇ ਕਦੇ ਮੁੜ ਨਹੀਂ ਆਉਣਾ, ਉਸ ਬਾਰੇ ਸੋਚ ਕੇ ਆਪਣੇ-ਆਪ ਨੂੰ ਦੁਖੀ ਕਰਨ ਦਾ ਕੋਈ ਲਾਭ ਨਹੀਂ। ਭਵਿੱਖ ਵਿੱਚ ਕੀ ਹੋਣਾ ਇਸ ਦਾ ਕਿਸੇ ਨੂੰ ਪਤਾ ਨਹੀਂ, ਉਸ ਦੇ ਫ਼ਿਕਰ ਵਿੱਚ ਉਲਝੇ ਰਹਿਣਾ ਵੀ ਗ਼ਲਤ ਹੈ। ਵਰਤਮਾਨ ਦਾ ਆਨੰਦ ਲੈਣ ਦਾ ਯਤਨ ਕਰਨਾ ਚਾਹੀਦਾ ਹੈ। ਇਸ ਨੂੰ ਰੱਜ ਕੇ ਜਿਊਣਾ ਹੀ ਜ਼ਿੰਦਗੀ ਹੈ। ਈਰਖਾ, ਸਾੜਾ, ਝੂਰਨਾ, ਚੁਗਲੀ ਵਰਗੇ ਦੁਸ਼ਮਣਾਂ ਦੇ ਘੇਰੇ ਵਿੱਚ ਆ ਕੇ ਅਸੀਂ ਆਪਣੇ ਹੱਥੀ ਆਪਣੀ ਖੁਸ਼ੀ ਤਿਆਗ ਦਿੰਦੇ ਹਾਂ। ਅਜਿਹਾ ਮਨੁੱਖ ਆਪਣੇ ਪਰਿਵਾਰਕ ਮੈਬਰਾਂ ਅਤੇ ਸੰਗੀ -ਸਾਥੀਆਂ ਨਾਲ ਬੈਠ ਕਦੇ ਵੀ ਖੁੱਲ੍ਹ ਕੇ ਹੱਸ ਨਹੀਂ ਸਕਦਾ। ਇਸ ਸੋਚ ਦਾ ਹੌਲੀ-ਹੌਲੀ ਅਜਿਹਾ ਅਸਰ ਹੁੰਦਾ ਹੈ ਕਿ ਈਰਖਾ, ਚੁਗਲੀ, ਗੁੱਸਾ, ਜੀਵਨ ਦਾ ਅੰਗ ਬਣ ਜਾਦੇ ਹਨ। ਹੱਸਣਾ ਤੇ ਖੁਸ਼ ਰਹਿਣਾ ਜੀਵਨ ਵਿੱਚੋਂ ਅਲੋਪ ਹੋ ਜਾਂਦੇ ਹਨ। ਜੇਕਰ ਅਜਿਹਾ ਮਨੁੱਖ ਕਦੇ ਹੱਸਦਾ ਵੀ ਹੈ ਤਾਂ ਉਹ ਦੂਸਰਿਆਂ ਦੀ ਬੇਬਸੀ, ਲਾਚਾਰੀ ਜਾਂ ਅਸਫਲਤਾ ਉੱਤੇ ਹੱਸਦਾ ਹੈ। ਇੰਜ ਉਸ ਦੀ ਸੋਚ ਬਿਮਾਰ ਹੋ ਜਾਂਦੀ ਹੈ। ਕਦੇ ਵੀ ਬੇਬਸੀ, ਲਾਚਾਰੀ ਜਾਂ ਦੁੱਖ ਵੇਖ ਕੇ ਹੱਸਣਾ ਨਹੀਂ ਚਾਹੀਦਾ। ਕੋਸ਼ਿਸ਼ ਇਹੋ ਹੋਣੀ ਚਾਹੀਦੀ ਹੈ ਕਿ ਕੁਦਰਤੀ ਹਾਸਾ ਹੱਸਿਆ ਜਾਵੇ, ਮੁਸਕਰਾਹਟ ਤੁਹਾਡੇ ਬੁੱਲ੍ਹਾਂ ਉੱਤੇ ਹੋਣੀ ਚਾਹੀਦੀ ਹੈ। ਜਦੋ ਤੁਸੀਂ ਆਪਣੇ ਘਰ ਵੜੋਂ ਤਾਂ ਮੁਸਕਰਾਹਟ ਨਾਲ ਲੈ ਕੇ ਆਵੋ। ਦਫ਼ਤਰ ਵਿੱਚ ਆ ਕੇ ਵੀ ਸਾਰਿਆਂ ਨਾਲ ਮੁਸਕਰਾ ਕੇ ਗੱਲ ਕਰੋ। ਕਿਸੇ ਮੀਟਿੰਗ ਵਿੱਚ ਵੀ ਮੁਸਕਰਾਹਟ ਸਮੇਤ ਖਿੜੇ ਮੱਥੇ ਜਾਵੋ। ਤੁਹਾਡੇ ਚਿਹਰੇ ਦੀ ਮੁਸਕਰਾਹਟ ਤੁਹਾਡੀ ਸਫਲਤਾ ਦੀ ਨੀਂਹ ਰੱਖ ਦਿੰਦੀ ਹੈ। ਪੰਜਾਬੀ ਦੀ ਪ੍ਰਸਿੱਧ ਕਹਾਵਤ ਹੈ- ਹੱਸਦਿਆਂ ਦੇ ਘਰ ਵੱਸਦੇ। ਇੱਕ ਲੋਕ-ਬੋਲੀ ਨੂੰ ਆਪਣੇ ਚੇਤੇ ਵਿੱਚ ਵਸਾਇਆ ਜਾਵੇ : "ਉਹਦੇ ਨਾਲ ਕੀ ਬੋਲਣਾ ਜਿਹਦੇ ਪਿਆ ਮੱਥੇ ਵੱਟ ਰਹਿੰਦਾ"। ਮਨੁੱਖੀ ਜੀਵਨ ਅਨਮੋਲ ਹੈ। ਜੇਕਰ ਇਸ ਦੇ ਹਰ ਪਲ ਦਾ ਆਨੰਦ ਲੈਣਾ ਹੈ ਤਾਂ ਹੱਸਣਾ ਸਿੱਖੋ। ਚਿਹਰੇ ਦੀ ਮੁਸਕਰਾਹਟ ਰਿਸ਼ਤਿਆਂ ਨੂੰ ਜੋੜਦੀ ਹੈ, ਦੋਸਤਾਂ ਦਾ ਘੇਰਾ ਵੱਡਾ ਹੁੰਦਾ ਹੈ, ਸੰਗੀ -ਸਾਥੀਆਂ ਦਾ ਸਾਥ ਤੇ ਪਿਆਰ ਮਿਲਦਾ ਹੈ ਤੇ ਘਰੋਗੀ ਮਾਹੌਲ ਖੁਸ਼ਗਵਾਰ ਬਣ ਜਾਦਾ ਹੈ। ਫਿਰ ਕਿਉਂ ਨਾ ਚਿਹਰੇ 'ਤੇ ਮੁਸਕਰਾਹਟ ਨੂੰ ਰੱਖਿਆ ਜਾਵੇ? ਮੱਥੇ ਵੱਟ ਪਾਉਣ ਲਈ ਮੁਸਕਰਾਹਟ ਤੋਂ ਵੱਧ ਸ਼ਕਤੀ ਵਰਤੀ ਜਾਂਦੀ ਹੈ। ਇਸ ਨਾਲ ਰਿਸ਼ਤਿਆਂ ਵਿੱਚ ਤ੍ਰੇੜਾਂ ਆਉਂਦੀਆਂ ਹਨ, ਦੋਸਤਾਂ ਦਾ ਘੇਰਾ ਸੁੰਗੜਦਾ ਹੈ, ਕੰਮ-ਕਾਜੀ ਮਾਹੌਲ ਵਿੱਚ ਤਣਾਅ ਬਣਿਆਂ ਰਹਿੰਦਾ ਹੈ। ਫਿਰ ਭਲਾ ਮੱਥੇ ਵੱਟ ਪਾ ਕੇ ਆਪਣੇ ਆਪ ਨੂੰ ਦੁਖੀ ਕਿਉਂ ਕੀਤਾ ਜਾਵੇ? ਕਿਸੇ ਦੇ ਰੁੱਖੇ ਬੋਲਾਂ ਦਾ ਉੱਤਰ ਵੀ ਮੁਸਕਰਾਰਟ ਵਿੱਚ ਦੇਵੋ, ਅਗਲਾ ਆਪਣੇ ਆਪ ਸ਼ਰਮਿੰਦਾ ਹੋ ਜਾਵੇਗਾ ।

❊ ❊ ❊ ❊ ❊

**Saini Charitable Education Trust( Regd.) Ropar**
**Board of Trustees and Administrative Committee, Year 2019**

**Patron-** Advocate Baldev Singh Mundra, Trustee, # Asha Nagar, Kandivali, Mumbai, 9969599398

**Chairman-** S. Balbir Singh Saini, Trustee, # 7A, Zorawar Singh Nagar, Rupnagar, 9815636079

**Vice-Chairman-** Dr. Ajmer Singh Tamber, Trustee # B-12/5057 Guru Nagar Rupnagar, 9417602835

**President-** Sh. Rajinder Saini, Trustee, # 87, G.Z.S. Nagar, Rupnagar, 9872220400

**Vice- President-** Dr. Jaswant Kaur Saini, Trustee # B-12/5057 Guru Nagar Rupnagar, 9417802835

**Secretary-** S. Amarjit Singh, Trustee , # 7, G.T.B. Nagar, Rupnagar, 9463588741

**Cashier-** S. Ajit Singh, Trustee, # 1954, Ali Muhalla, Rupnagar, 9814822847

**Legal Advisor-** Adv. Ravinder Singh Mundra, Trustee, # 4487, Haveli Kalan, Ropar, 9888856369

**Technical Advisor-** Er. Rajiv Saini, Trustee, # 444, G.Z.S. Nagar, Rupnagar, 9872822661

**Auditor-** S. Rajinder Singh, # B-1/83, Muhalla Sheikhan, Rupnagar, 9464649922

❊ ❊ ❊ ❊ ❊

**ਬੇਨਤੀ**

ਮੈਗਜ਼ੀਨ ਦੇ ਜਿਨ੍ਹਾਂ ਮੈਂਬਰਾਂ ਦਾ ਚੰਦਾ ਮੁੱਕ ਗਿਆ ਹੈ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਬਣਦੀ ਰਾਸ਼ੀ ਦਫ਼ਤਰ ਵਿੱਚ ਜਾਂ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਕ੍ਰਿਪਾਲਤਾ ਕਰਨ।

**Our Bank : Indian Bank, Ropar.**
**IFSC Code : IDIB000R027**
**Account No. : 833562779**

## Kaka Ram Saini Charitable Trust( Regd.) Ropar
## Board of Trustees And Administrative committee, Year 2019-


**Chairman** - Dr. Ajmer Singh Tamber, Trustee, # B-12/5057 Guru Nagar Rupnagar, 9417602835

**Vice Chairman** - S. Gurmukh Singh Saini , Trustee, # 28,S.B.S. Nagar, Rupnagar , 9872069825

**President** - Dr. Ajmer Singh Tamber, Trustee, # B-12/5057 Guru Nagar Rupnagar, 9417602835

**Sr.V. President-** Cap. Hakam Singh(Retd.),Trustee, # V. Grewal, Dist. Rupnagar, 9463653153

**VicePresident**- S. Gurmukh Singh Longia,Trustee, # 1940/19,Preet Nagar,Rupnagar,9988018811

**Gen. Secretary**- S. Balbir Singh Saini, Trustee, # 7A, Zorawar S. Nagar, Rupnagar, 9815636079

**Technical Advisor**- Er. Harjit Singh Saini, Trustee, # 440 G.Z.S.Nagar, Rupnagar, 9814103903

**Executive Members**- Sh. Tarsem Saini, Trustee, # Ghumman Nagar, Patiala, 9876138476

S. Ram Singh Saini, Trustee, # 344,G.Z.S. Nagar, Rupnagar, 9814430749

S. Tekpal Singh Saini, Trustee, # 204, Prabhu Apartments, GH-19, Sec.21

Faridabad, Ph. 9811173520

S. Ajit Singh, Trustee, # 1954, Ali Muhalla, Rupnagar, 9814822847

Prof. Malkiat Singh, Trustee, 266, G.Z.S. Nagar, Rupnagar, 9876497021

S.Davinder Singh Jatana,Trustee, # 412, Gobind Valley, Ropar 9876062736

**Joint Secretary** - Dr. Jaswant Kaur Saini, # B-12/5057 Guru Nagar Rupnagar, 9417802835

**Legal Advisor**- Advocate Ravinder Singh Mundra, # 4487, Haveli Kalan, Rupnagar, 9888856369

**P. R. O.**- Sh. Rajinder Saini, # 87, G.Z.S. Nagar, Rupnagar, 9872220400

**Auditor-** S. Rajinder Singh, # B-1/83, Muhalla Sheikhan, Rupnagar, 9464649922

**Cashier-** S. Pritpal Singh, # 1693/23, Gandhi Nagar, Rupnagar, 9463456410

**Incharge Trg. Schools**- S. Amarjit Singh, # 7, G.T.B. Nagar, Rupnagar, 9463588741

**Property Incharge-** S. Harjit Singh Girn, # 79A/7, Muhalla Sheikhan, Rupnagar, 9779990644

**Matrimonials Incharge**- S. Surrinder Singh, # 1872/1, Gaushala Road, Rupnagar, 6280069294

**Magazine Manager**- S. Ajmer Singh Dhamrait, # 378, Dasmesh Nagar, Rupnagar, 9417586075

**Library Incharge-** S. Gurcharan Singh, # 38, Sukhram Colony, Rupnagar, 9878035106


### TRAINING CENTRES OF SAINI BHAWAN

- **Computer Training Centre**
- **Sewing and Embroidery Centre**
- **Fashion Designing Centre**
- **Beautician Art Centre**

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਸੈਣੀ ਸੰਸਾਰ ਦਾ 32ਵਾਂ ਅੰਕ ਲੋਕਅਰਪਣ ਕਰਦੇ ਹੋਏ ਸ. ਲਖਵਿੰਦਰ ਸਿੰਘ ਭੂਰਾ, ਸਰਪੰਚ ਬੇਲਾ




ਸੰਤ ਅਵਤਾਰ ਸਿੰਘ ਜੀ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕਰਦੇ ਹੋਏ।



ਨਵੇਂ ਚੁੱਣੇ ਸੰਮਤੀ ਮੈਂਬਰ ਅਤੇ ਸਰਪੰਚ, ਸੈਣੀ ਭਵਨ ਦੇ ਪ੍ਰਬੰਧਕਾਂ ਨਾਲ।